Excellence in Agri Info

KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਹਫਤਾਵਾਰੀ ਪੰਜਾਬੀ ਖੇਤੀਬਾੜੀ ਅਖ਼ਬਾਰ

Rs.10/-

# ਖੇਤੀ ਦੁਨੀਆਂ

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 06-06-2026 • Vol.44 No.23 • M. 90410-14575 • Page 16 E-mail : khetiduniyan1983@gmail.com


# 11 ਸਾਲ ਵਿੱਚ ਇਸ ਵਾਰ ਸਭ ਤੋਂ ਕਮਜ਼ੋਰ ਰਹਿ ਸਕਦੈ ਮੌਨਸੂਨ

### ★ ਮੌਸਮ ਵਿਭਾਗ ਨੇ ਮੀਂਹ ਦਾ ਅੰਦਾਜ਼ਾ ਘਟਾ ਕੇ 90% ਕੀਤਾ ★ ਜੂਨ-ਸਤੰਬਰ ਵਿੱਚ ਔਸਤ ਤੋਂ ਘੱਟ ਪਵੇਗੀ ਬਾਰਿਸ਼

ਭਾਰਤੀ ਮੌਸਮ ਵਿਭਾਗ (ਆਈ. ਐਮ. ਡੀ.) ਨੇ ਇਸ ਸਾਲ ਮੌਨਸੂਨ ਬਾਰੇ ਚਿੰਤਾਜਨਕ ਤਸਵੀਰ ਪੇਸ਼ ਕੀਤੀ ਹੈ । ਵਿਭਾਗ ਦਾ ਕਹਿਣਾ ਹੈ ਕਿ ਅਲ-ਨੀਨੋ ਦੇ ਅਸਰ ਕਾਰਨ ਇਯ ਸਾਲ ਮੌਨਸੂਨ ਪਿਛਲੇ 11 ਸਾਲਾਂ ਵਿੱਚ ਸਭ ਤੋਂ ਕਮਜ਼ੋਰ ਰਹਿ ਸਕਦਾ ਹੈ । ਵਿਭਾਗ ਨੇ ਆਪਣੀ ਦੂਜੀ ਪੇਸ਼ੀਨਗੋਈ ਵਿੱਚ ਜੂਨ ਤੋਂ ਸਤੰਬਰ ਦੌਰਾਨ ਦੇਸ਼ ਵਿੱਚ ਆਮ ਤੋਂ ਘੱਟ ਬਾਰਿਸ਼ ਹੋਣ ਦਾ ਅਨੁਮਾਨ ਪ੍ਰਗਟਾਇਆ ਹੈ । ਆਈ. ਐਮ. ਡੀ. ਮੁਤਾਬਕ ਇਸ ਵਾਰ ਮੌਨਸੂਨੀ ਬਾਰਿਸ਼ ਲੰਬਚਿਰੀ ਔਸਤ 87 ਸੈਂਟੀਮੀਟਰ ਤੋਂ ਸਿਰਫ 90 ਫੀਸਦੀ ਦੇ ਬਰਾਬਰ ਰਹਿ ਸਕਦੀ ਹੈ । ਪਹਿਲੀ ਪੇਸ਼ੀਨਗੋਈ ਵਿੱਚ ਇਹ ਅੰਕੜਾ 92 ਫੀਸਦੀ ਦੱਸਿਆ ਗਿਆ । ਜੇਕਰ ਬਾਰਿਸ਼ 90 ਫੀਸਦੀ ਤੋਂ ਹੇਠਾਂ ਆਉਂਦੀ ਹੈ ਤਾਂ ਉਸ ਨੂੰ ਕਮਜ਼ੋਰ ਮੌਨਸੂਨ ਮੰਨਿਆ ਜਾਂਦਾ ਹੈ ।

ਜ਼ਿਕਰਯੋਗ ਹੈ ਕਿ ਅਲ-ਨੀਨੋ ਦੀ ਸਥਿਤੀ ਉਦੋਂ ਬਣਦੀ ਹੈ, ਜਦੋਂ ਮੱਧ ਅਤੇ ਪੂਰਬੀ ਪ੍ਰਸ਼ਾਂਤ ਮਹਾਸਾਗਰ ਦਾ ਤਾਪਮਾਨ ਆਮ ਨਾਲੋਂ ਵੱਧ ਹੋ ਜਾਂਦਾ ਹੈ । ਇਸ ਦਾ ਅਸਰ ਦੱਖਣੀ ਏਸ਼ੀਆ ਵਿੱਚ ਗਰਮ ਅਤੇ ਖੁਸ਼ਕ ਮੌਸਮ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ । ਰਾਇਟਰ ਮੁਤਾਬਕ ਧਰਤੀ ਵਿਗਿਆਨ ਮੰਤਰਾਲੇ ਦੇ ਸਕੱਤਰ ਅਤੇ ਮੌਸਮ ਵਿਗਿਆਨੀ ਐਮ. ਰਵੀਚੰਦਰਨ ਨੇ ਕਿਹਾ ਕਿ ਪ੍ਰਸ਼ਾਂਤ ਮਹਾਸਾਗਰ ਦੇ ਹਾਲਾਤ ਹੌਲੀ-ਹੌਲੀ ਅਲ-ਨੀਨੋ ਵੱਲ ਵੱਧ ਰਹੇ ਹਨ । ਜੂਨ ਵਿੱਚ ਅਸਰ ਸ਼ੁਰੂ ਹੋ ਸਕਦਾ ਹੈ ਅਤੇ ਸਤੰਬਰ ਤੱਕ ਮਜ਼ਬੂਤ ਐਲਨੀਨੋ ਬਣਨ ਦਾ ਖਦਸ਼ਾ ਹੈ । ਇਸ ਦਾ ਸਿੱਧਾ ਅਸਰ ਮੌਨਸੂਨੀ ਬਾਰਿਸ਼ 'ਤੇ ਪੈਂਦਾ ਹੈ । ਇਸ ਕਾਰਨ ਕੁਝ ਇਲਾਕਿਆਂ ਵਿੱਚ ਸੋਕੇ ਦੀ ਸਥਿਤੀ ਵੀ ਪੈਦਾ ਹੋ ਸਕਦੀ ਹੈ । ਅਲ-ਨੀਨੋ ਤੋਂ ਪ੍ਰਭਾਵਿਤ ਸਾਲਾਂ ਦੌਰਾਨ ਭਾਰਤ ਵਿੱਚ ਔਸਤਨ ਬਹੁਤ ਘੱਟ ਬਾਰਿਸ਼ ਦੇਖੀ ਗਈ ਹੈ । ਇਸ ਦਾ ਸਭ ਤੋਂ ਵੱਧ ਅਸਰ 2015 ਵਿੱਚ ਦੇਖਿਆ ਗਿਆ ਸੀ । ਉਸ ਸਾਲ ਔਸਤਨ ਮੌਨਸੂਨੀ ਬਾਰਿਸ਼ ਸਭ ਤੋਂ ਘੱਟ 87 ਫੀਸਦੀ ਰਿਕਾਰਡ ਕੀਤੀ ਗਈ ਸੀ ।

ਮੌਸਮ ਵਿਭਾਗ ਮੁਤਾਬਿਕ 1971 ਤੋਂ 2020 ਦੇ ਅੰਕੜਿਆਂ ਦੇ ਆਧਾਰ 'ਤੇ ਮੌਨਸੂਨ ਦੀ ਔਸਤ ਬਾਰਿਸ਼ 87 ਸੈਂਟੀਮੀਟਰ ਹੈ । ਇਸ ਵਾਰ 10 ਫੀਸਦੀ ਘੱਟ ਬਾਰਿਸ਼ ਹੋਣ ਦੀ ਸੰਭਾਵਨਾ ਹੈ । ਸ੍ਰੀਲੰਕਾ ਦੇ ਉਪਰ ਬਣੇ ਘੱਟ ਦਬਾਅ ਅਤੇ ਤੇਜ਼ ਹਵਾਵਾਂ ਕਾਰਨ ਇਸ ਵਾਰ ਮੌਨਸੂਨ ਦੀ ਸ਼ੁਰੂਆਤ ਵੀ ਦੇਰੀ ਨਾਲ ਹੋਈ ਹੈ

## ਤਿੰਨ ਦਿਨਾਂ ਦੀ ਦੇਰੀ ਨਾਲ ਕੇਰਲ 'ਚ ਪੁੱਜਾ ਮੌਨਸੂਨ

### ਮੌਨਸੂਨ ਦੇ ਕੇਰਲ ਵਿੱਚ ਪੁੱਜਦੇ ਹੀ ਹੋਈ ਛਮਛਮ ਬਾਰਿਸ਼, ਤੇਜ਼ੀ ਨਾਲ ਅੱਗੇ ਵਧ ਰਿਹੈ



ਦੱਖਣ-ਪੱਛਮੀ ਮੌਨਸੂਨ ਨੇ ਤਿੰਨ ਦਿਨ ਦੇਰ ਨਾਲ ਵੀਰਵਾਰ ਨੂੰ ਕੇਰਲਮ ਵਿੱਚ ਦਸਤਕ ਦੇ ਦਿੱਤੀ । ਆਉਂਦੇ ਹੀ ਸੂਬੇ ਵਿੱਚ ਛਮ-ਛਮ ਬਾਰਿਸ਼ ਹੋਈ । ਆਮ ਤੌਰ 'ਤੇ ਕੇਰਲਮ ਵਿੱਚ ਮੌਨਸੂਨ ਇਕ ਜੂਨ ਨੂੰ ਪਹੁੰਚਦਾ ਹੈ, ਪਰ ਇਸ ਵਾਰੀ ਇਸਦਾ ਆਗਮਨ ਤਿੰਨ ਦਿਨ ਦੀ ਦੇਰੀ ਨਾਲ ਚਾਰ ਜੂਨ ਨੂੰ ਹੋਇਆ । ਆਉਂਦੇ ਹੀ ਇਸ ਨੇ ਰਫ਼ਤਾਰ ਫੜ ਲਈ ਹੈ ਤੇ ਪਹਿਲੇ ਦਿਨ ਹੀ ਪੂਰੇ ਕੇਰਲਮ ਨੂੰ ਕਵਰ ਕਰ ਕੇ ਤੇਜ਼ੀ ਨਾਲ ਅੱਗੇ ਵੱਧਣ ਲੱਗਾ ਹੈ । ਆਈਐੱਮਡੀ ਨੇ ਪਹਿਲਾਂ ਕੇਰਲਮ ਵਿੱਚ ਮੌਨਸੂਨ ਦੇ ਆਉਣ ਦੀ ਸੰਭਾਵਿਤ ਤਰੀਕ 26 ਮਈ ਦੱਸੀ ਸੀ, ਪਰ ਸਮੁੰਦਰ ਹਲਚਲ ਕਾਰਨ ਰਫ਼ਤਾਰ ਹੌਲੀ ਪੈ ਗਈ ਸੀ । ਮੌਨਸੂਨ ਨੂੰ ਲੈ ਕੇ ਆਈਐੱਮਡੀ ਚੌਕਸ ਹੈ । ਪੂਰੇ ਮੌਸਮ ਲਈ ਬਾਰਿਸ਼ ਦਾ ਅਨੁਮਾਨ ਆਮਤੌਰ 'ਤੇ ਲਗਪਗ 90 ਫ਼ੀਸਦੀ ਰਹਿਣ ਦਾ ਹੈ । ਇਸਦੇ ਪਿੱਛੇ ਪ੍ਰਸ਼ਾਂਤ ਮਹਾਸਾਗਰ ਵਿੱਚ ਵਿਕਸਿਤ ਹੋ ਰਹੀ ਅਲਨੀਨੋ ਨੂੰ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ । ਹਾਲਾਂਕਿ ਹਾਲੇ ਅਲਨੀਨੋ ਦਾ ਅਸਰ ਕਮਜ਼ੋਰ ਹੈ, ਪਰ ਸਤੰਬਰ ਤੱਕ ਇਸਦੇ ਮਜ਼ਬੂਤ ਹੋਣ ਦਾ ਖ਼ਦਸ਼ਾ ਹੈ ।

# ਕਣਕ ਦੀ ਖਰੀਦ 17 ਫੀਸਦੀ ਵਧ ਕੇ 3.5 ਕਰੋੜ ਟਨ ਤੋਂ ਪਾਰ, ਮਿੱਥੇ ਟੀਚੇ ਨਾਲੋਂ ਵੱਧ

ਸਰਕਾਰ ਦੀ ਕਣਕ ਦੀ ਖਰੀਦ 2026-27 ਦੇ ਹਾੜ੍ਹੀ ਮੰਡੀਕਰਨ ਸੀਜ਼ਨ ਵਿੱਚ 17 ਫੀਸਦ ਵੱਧ ਕੇ 3.5 ਕਰੋੜ ਟਨ ਤੋਂ ਵੱਧ ਹੋ ਗਈ ਹੈ । ਇਹ 3.45 ਕਰੋੜ ਟਨ ਦੇ ਮਿੱਥੇ ਟੀਚੇ ਅਤੇ ਪਿਛਲੇ ਸਾਲ ਦੇ 3 ਕਰੋੜ ਟਨ ਦੇ ਪੱਧਰ ਦੋਵਾਂ ਤੋਂ ਵੱਧ ਹੈ । ਖੁਰਾਕ ਮੰਤਰਾਲਾ ਦੇ ਇੱਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ । ਅਧਿਕਾਰੀ ਨੇ ਕਿਹਾ ਕਿ, "ਇਸ ਸੀਜ਼ਨ ਵਿੱਚ ਹੁਣ ਤੱਕ ਕਣਕ ਦੀ ਖਰੀਦ 3.5 ਕਰੋੜ ਟਨ ਤੋਂ ਵੱਧ ਹੋ ਚੁੱਕੀ ਹੈ । ਅਸੀਂ ਟੀਚਾ ਪਾਰ ਕਰ ਲਿਆ ਹੈ । ਪ੍ਰਮੁੱਖ ਉਤਪਾਦਕ ਸੂਬਿਆਂ ਵਿੱਚ ਖਰੀਦ ਮੁਕੰਮਲ ਹੋ ਗਈ ਹੈ ।" ਭਾਰਤੀ ਖੁਰਾਕ ਨਿਗਮ (ਐਫ. ਸੀ. ਆਈ.) ਅਤੇ ਸੂਬਾ ਏਜੰਸੀਆਂ, ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) 'ਤੇ ਕਣਕ ਦੀ ਖਰੀਦ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਅਤੇ ਹੋਰ ਭਲਾਈ ਯੋਜਨਾਵਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕਰਦੀਆਂ ਹਨ ।

ਉੱਚੀ ਖਰੀਦ ਨੂੰ ਮੰਡੀਆਂ ਵਿੱਚ ਐਮ. ਐਸ. ਪੀ. ਤੋਂ ਘੱਟ ਕੀਮਤਾਂ ਅਤੇ 12.065 ਕਰੋੜ ਟਨ ਦੇ ਮਜ਼ਬੂਤ ਘਰੇਲੂ ਉਤਪਾਦਨ ਤੋਂ ਮਦਦ ਮਿਲੀ, ਜੋ ਬੇਮੌਸਮੇ ਮੀਂਹ ਅਤੇ ਗੜੇਮਾਰੀ ਕਾਰਨ ਸਥਾਨਕ ਪੱਧਰ 'ਤੇ ਹੋਏ ਫ਼ਸਲੀ ਨੁਕਸਾਨ ਦੇ ਬਾਵਜੂਦ ਬਣਿਆ ਰਿਹਾ ।



## ਪੰਜਾਬ 1.21 ਕਰੋੜ ਟਨ ਨਾਲ ਸਿਖਰ 'ਤੇ

ਸੂਬੇਵਾਰ ਅੰਕੜਿਆਂ ਵਿੱਚ ਪੰਜਾਬ 1.21 ਕਰੋੜ ਟਨ ਨਾਲ ਟਾਪ 'ਤੇ ਰਿਹਾ, ਜੋ ਪਿਛਲੇ ਸੀਜ਼ਨ ਦੇ 1.19 ਕਰੋੜ ਟਨ ਨਾਲੋਂ ਵੱਧ ਹੈ । ਮੱਧ ਪ੍ਰਦੇਸ਼ ਵਿੱਚ ਖਰੀਦ 78 ਲੱਖ ਟਨ ਤੋਂ ਵੱਧ ਕੇ 1.04 ਕਰੋੜ ਟਨ ਹੋ ਗਈ, ਜਦੋਂਕਿ ਹਰਿਆਣਾ ਵਿੱਚ ਇਹ 70 ਲੱਖ ਟਨ ਤੋਂ ਵੱਧ ਕੇ 81 ਲੱਖ ਟਨ ਤੱਕ ਪਹੁੰਚ ਗਈ । ਉੱਤਰ ਪ੍ਰਦੇਸ਼ ਵਿੱਚ ਖਰੀਦ 10 ਲੱਖ ਟਨ ਤੋਂ ਲਗਭਗ ਦੁੱਗਣੀ ਹੋ ਕੇ 17 ਲੱਖ ਟਨ ਹੋ ਗਈ, ਜਦੋਂਕਿ ਰਾਜਸਥਾਨ ਵਿੱਚ ਇਹ 19 ਲੱਖ ਟਨ ਤੋਂ ਵੱਧ ਕੇ 24 ਲੱਖ ਟਨ ਹੋ ਗਈ । ਕਣਕ ਦੀ ਖਰੀਦ ਦਾ ਸੀਜ਼ਨ ਅਪ੍ਰੈਲ ਤੋਂ ਮਾਰਚ ਤੱਕ ਚੱਲਦਾ ਹੈ, ਹਾਲਾਂਕਿ ਜ਼ਿਆਦਾਤਰ ਖਰੀਦ ਸ਼ੁਰੂਆਤੀ ਕੁਝ ਮਹੀਨਿਆਂ ਵਿੱਚ ਹੀ ਹੋ ਜਾਂਦੀ ਹੈ ।


BEW

ਕੇ ਐਸ ਗਰੁੱਪ

ਮਲੇਰਕੋਟਲਾ

KSA

ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ

4 IN 1 COMBO

BEW ਸੁਪਰ ਸੀਡਰ



• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਉਡਰ ਕੋਟਿੰਗ ਪੇਂਟ
• ਪੇਟੇਂਟ ਡਿਜਾਇਨ

TOLL FREE NUMBER 1800-120-004455

• BHAGWAN ENGINNERING WORKS
• KS AGROTECH PVT. LTD.
• KS POWERTECH PVT. LTD.

Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

# ਮੂੰਗੀ ਦੀ ਪ੍ਰੋਸੈਸਿੰਗ ਅਤੇ ਸਵੈਮੰਡੀਕਰਨ : ਇੱਕ ਲਾਭਕਾਰੀ ਰਾਹ

ਰਮਨਦੀਪ ਕੌਰ ਅਤੇ ਅਮਨਦੀਪ ਸਿੰਘ ਬਰਾੜ, ਪੀ. ਏ. ਯੂ.-
ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਮੋਬਾਇਲ : 99152-00619

ਮੂੰਗੀ ਇੱਕ ਉੱਚ-ਪ੍ਰੋਟੀਨ ਵਾਲੀ ਫ਼ਸਲ ਹੈ ਜਿਸ ਵਿੱਚ ਲਿਊਸੀਨ, ਲਾਈਸਾਈਨ, ਫੀਨੀਅਲੈਲਾਨਿਨ ਵਰਗੇ ਅਮਾਇਨੋ ਐਸਿਡ ਮਿਲਦੇ ਹਨ ਜੋ ਇਸਨੂੰ ਪੂਰਨ ਖੁਰਾਕ ਬਣਾਉਂਦੇ ਹਨ । ਜੇਕਰ ਕਿਸਾਨ ਮੂੰਗੀ ਨੂੰ ਸਿੱਧਾ ਮੰਡੀ ਵਿੱਚ ਵੇਚਣ ਦੀ ਥਾਂ ਉੱਤੇ ਸਾਫ, ਗ੍ਰੇਡ ਅਤੇ ਪੈਕ ਕਰਕੇ ਵੇਚਣ, ਤਾਂ ਉਹ ਇਸ ਤੋਂ ਵਾਧੂ ਆਮਦਨ ਪ੍ਰਾਪਤ



ਕਰ ਸਕਦੇ ਹਨ । ਸਵੈਮੰਡੀਕਰਨ ਰਾਹੀਂ ਮੁੱਢਲੀ ਪ੍ਰੋਸੈਸਿੰਗ ਕਰਕੇ ਉਤਪਾਦ ਨੂੰ ਬ੍ਰਾਂਡ ਨਾਮ ਹੇਠਾਂ ਵੇਚਣਾ ਅੱਜ ਦੀ ਲੋੜ ਹੈ ।

ਮੂੰਗੀ ਦੀ ਵਾਢੀ ਫਲੀਆਂ ਦੇ 80% ਪੱਕਣ 'ਤੇ ਕਰਨੀ ਚਾਹੀਦੀ ਹੈ । ਵਾਢੀ ਮਗਰੋਂ ਉਪਜ ਨੂੰ ਸਾਫ ਅਤੇ ਹਵਾ ਵਾਲੀ ਜਗ੍ਹਾ 'ਤੇ ਸੁੱਕਾਉਣਾ ਚਾਹੀਦਾ ਹੈ । ਪੀ.ਏ.ਯੂ. ਦੁਆਰਾ ਵਿਕਸਤ ਸੋਲਰ ਜਾਂ ਮਕੈਨੀਕਲ ਡਰਾਇਅਰ ਰਾਹੀਂ ਮੂੰਗੀ ਨੂੰ 9-10% ਨਮੀ ਤੱਕ ਸੁਕਾਇਆ ਜਾ ਸਕਦਾ ਹੈ । ਮੂੰਗੀ ਵਿੱਚੋਂ ਧੂੜ, ਪੱਤੇ, ਤੂੜੀ ਆਦਿ ਹਟਾ ਕੇ ਕਲੀਨਰ ਅਤੇ ਗ੍ਰੇਡਰ ਰਾਹੀਂ ਗੁਣਵੱਤਾ ਅਨੁਸਾਰ ਗ੍ਰੇਡਿੰਗ ਕੀਤੀ ਜਾਂਦੀ ਹੈ । ਗ੍ਰੇਡ ਏ, ਬੀ ਅਤੇ ਸੀ ਵਿੱਚ ਵੰਡ ਕੇ ਪੌਲੀਥੀਨ ਲਿਫਾਫਿਆਂ ਵਿੱਚ 1, 2 ਜਾਂ 5 ਕਿਲੋ ਦੀ ਪੈਕਿੰਗ ਆਕਰਸ਼ਕ ਲੇਬਲ ਨਾਲ ਬਜ਼ਾਰ ਨਾਲ ਵੇਚੀ ਜਾਂਦੀ ਹੈ । ਨਾਈਟ੍ਰੋਜਨ ਜਾਂ ਵੈਕਿਊਮ ਪੈਕਿੰਗ ਰਾਹੀਂ ਸਟੋਰੇਜ ਸਮਾਂ 3-4 ਸਾਲ ਤੱਕ ਵਧਾਇਆ ਜਾ ਸਕਦਾ ਹੈ । ਸੁੱਕੀ ਮੂੰਗੀ ਨੂੰ ਜੂਟ ਦੀਆਂ ਬੋਰੀਆਂ, ਕਰੋਟਾਂ ਜਾਂ ਢੋਲਾਂ ਵਿੱਚ ਸਟੋਰ ਕਰਨਾ ਚਾਹੀਦਾ ਹੈ । ਰੇਤ ਜਾਂ ਸੁਆਹ ਦੀ ਪਰਤ ਨਾਲ ਸਟੋਰੇਜ ਨੂੰ ਕੀੜਿਆਂ ਤੋਂ ਬਚਾਇਆ ਜਾ ਸਕਦਾ ਹੈ । 150-200 ਕਿਲੋ/ਘੰਟਾ ਸਮਰੱਥਾ ਵਾਲੇ ਦਾਲ ਪ੍ਰੋਸੈਸਿੰਗ ਯੂਨਿਟ ਨੂੰ ਲਗਾਉਣ ਲਈ 100 ਵਰਗ ਮੀਟਰ (33×33 ਫੁੱਟ) ਦਾ ਸ਼ੈਡ ਚਾਹੀਦਾ ਹੈ । ਇਸ ਪਲਾਂਟ ਦੇ ਸ਼ੈਡ, ਬਿਜਲੀ ਪਾਣੀ ਦੇ ਕੁਨੈਕਸ਼ਨ, ਲੋੜੀਂਦਾ ਫਰਨੀਚਰ, ਪਲਿਊਸ਼ਨ ਕੰਟਰੋਲ ਸਰਟੀਫਿਕੇਟ ਨੂੰ ਬਨਾਉਣ ਦਾ ਖਰਚਾ ਲਗਭਗ 6 ਲੱਖ ਦੇ ਕਰੀਬ ਹੁੰਦਾ ਹੈ । ਇਸ ਵਿੱਚ ਕਲੀਨਰ ਕਮ ਗ੍ਰੇਡਰ ਮਸ਼ੀਨ, ਡੀਸਟੋਨਰ, ਟਰੇਅ ਡਰਾਇਰ (ਮਕੈਨੀਕਲ ਡਰਾਇਰ), ਨਮੀਂ ਨੂੰ ਮਾਪਣ ਲਈ ਮੋਇਸ਼ਰ ਮੀਟਰ, ਮਿਨੀ ਦਾਲ ਮਿਲ, ਭਾਰ ਤੋਲਣ ਲਈ ਮਸ਼ੀਨ, ਬੈਂਡ ਪੈਕਿੰਗ ਦੀ ਮਸ਼ੀਨ ਦੀ ਜ਼ਰੂਰਤ ਹੁੰਦੀ ਹੈ । ਜਿਸ ਉੱਪਰ ਕੁੱਲ ਖਰਚਾ ਘੱਟ ਤੋਂ ਘੱਟ ਤਿੰਨ ਲੱਖ ਰੁਪਏ ਆਉਂਦਾ ਹੈ ।

6 ਕੁਇੰਟਲ ਮੂੰਗੀ ਮੰਡੀ ਰਾਹੀਂ ਵੇਚਣ 'ਤੇ 43,200 ਰੁਪਏ ਮਿਲਦੇ ਹਨ । ਪਰ ਉਸੇ ਮਾਤਰਾ ਦੀ ਮੁੱਢਲੀ ਪ੍ਰੋਸੈਸਿੰਗ ਕਰਕੇ ਪੈਕ ਕੀਤੀ ਗ੍ਰੇਡਡ ਮੂੰਗੀ ਅਤੇ ਟੋਟੇ ਰਾਹੀਂ 65,400 ਰੁਪਏ ਮਿਲਦੇ ਹਨ । ਲਾਗਤ ਕੱਟ ਕੇ 57,450 ਰੁਪਏ ਸ਼ੁੱਧ ਆਮਦਨ ਬਣਦੀ ਹੈ, ਜੋ ਮੰਡੀ ਨਾਲੋਂ 14,250 ਰੁਪਏ ਵੱਧ ਹੈ । ਇਸ ਲਈ ਕਿਸਾਨ ਵੀਰ ਬਦਲਦੀ ਟੈਕਨੋਲੋਜੀ, ਆਰਥਿਕ ਸੁਧਾਰਾਂ, ਉਪਯੋਗਤਾ, ਜਾਗਰੂਕਤਾ, ਖੇਤੀਬਾੜੀ ਵਸਤਾਂ ਲਈ ਆਯਾਤ-ਨਿਰਯਾਤ ਦੀਆਂ ਨਵੀਆਂ ਨੀਤੀਆਂ ਨਾਲ ਸਿਖਿਅਤ ਹੋ ਕੇ ਚੱਲਣ ਤਾਂ ਜੋ ਆਪਣੀ ਆਰਥਿਕ ਤੇ ਸਮਾਜਿਕ ਹਾਲਾਤ ਵਿੱਚ ਸੁਧਾਰ ਲਿਆਂਦਾ ਜਾ ਸਕੇ ।

**ਮੁੱਢਲੀ ਪ੍ਰੋਸੈਸਿੰਗ ਰਾਹੀਂ ਪੈਕ ਮੂੰਗੀ ਦਾ ਸਾਬਤ ਮੂੰਗੀ ਦੀ ਵੇਚ ਨਾਲ ਤੁਲਨਾਤਮਿਕ ਅਧਿਐਨ**

| | |
|---|---|
| 6 ਕੁਇਟਲ ਮੂੰਗੀ ਦਾ ਮੰਡੀ ਵਿੱਚ ਮੁੱਲ (ਰੁ. 7200 ਪ੍ਰਤੀ ਕੁਇੰਟਲ) | = 43,200/- |
| 6 ਕੁਇਟਲ ਮੂੰਗੀ ਵਿੱਚੋਂ ਮੁੱਢਲੀ ਪ੍ਰੋਸੈਸਿੰਗ ਰਾਹੀਂ ਗ੍ਰੇਡਡ ਪੈਕ ਮੂੰਗੀ | = 522 ਕਿਲੋ |
| 6 ਕੁਇਟਲ ਮੂੰਗੀ ਵਿੱਚੋਂ ਮੁੱਢਲੀ ਪ੍ਰੋਸੈਸਿੰਗ ਰਾਹੀਂ ਟੋਟਾ | = 72 ਕਿਲੋ |
| 6 ਕੁਇਟਲ ਮੂੰਗੀ ਵਿੱਚੋਂ ਮੁੱਢਲੀ ਪ੍ਰੋਸੈਸਿੰਗ ਰਾਹੀਂ ਅਣਚਾਹੇ ਕਣ | = 6 ਕਿਲੋ |
| 530 ਕਿਲੋ ਗ੍ਰੇਡਡ ਪੈਕ ਮੂੰਗੀ ਦੀ ਬਾਜਾਰੀ ਕੀਮਤ (ਰੁ. 120 ਪ੍ਰਤੀ ਕਿਲੋ) | = 63,600/- |
| 72 ਕਿਲੋ ਟੋਟੇ ਦੀ ਬਾਜਾਰੀ ਕੀਮਤ (ਰੁ. 25 ਪ੍ਰਤੀ ਕਿਲੋ) | = 1800/- |
| ਗ੍ਰੇਡਡ ਪੈਕ ਕੀਤੀ ਮੂੰਗੀ ਅਤੇ ਟੋਟੇ ਦੀ ਕੁੱਲ ਕੀਮਤ | = 65,400/- |
| ਮੁੱਢਲੀ ਪ੍ਰੋਸੈਸਿੰਗ ਦਾ ਖਰਚਾ (ਰੁ. 15 ਪ੍ਰਤੀ ਕਿਲੋ) | = 7,950/- |
| ਗ੍ਰੇਡਡ ਪੈਕ ਮੂੰਗੀ ਅਤੇ ਟੋਟੇ ਤੋਂ ਸ਼ੁੱਧ ਮੁਨਾਫਾ | = 65,400-7950 |
| | = 57,450 |
| ਮੂੰਗੀ ਮੰਡੀ ਵੇਚਣ ਨਾਲੋਂ ਪ੍ਰੋਸੈਸਿੰਗ ਵਿੱਚ ਮੁਨਾਫਾ | = 57,450-43,200 |
| | = 14,250/- |

# ਫ਼ਸਲੀ ਵਿਭਿੰਨਤਾ ਲਈ ਸੋਇਆਬੀਨ ਦੀ ਕਾਸ਼ਤ : ਪੰਜਾਬ ਦੇ ਕਿਸਾਨਾਂ ਲਈ ਮੁਨਾਫੇ ਵਾਲੀ ਫ਼ਸਲ



ਬਲਵਿੰਦਰ ਸਿੰਘ ਢਿੱਲੋਂ ਅਤੇ ਮਨਦੀਪ ਪਠਾਨੀਆਂ, ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ (ਮੋ. 94654-20097)

ਸੋਇਆਬੀਨ ਖੁਰਾਕ ਅਤੇ ਉਦਯੋਗ ਵਿੱਚ ਬਹੁਤ ਸਾਰੇ ਤਰੀਕਿਆਂ ਨਾਲ ਵਰਤੀ ਜਾਂਦੀ ਹੈ । ਇਸ ਤੋਂ ਖਾਣ ਵਾਲਾ ਤੇਲ, ਸੋਇਆ ਦੁੱਧ, ਬੇਕਰੀ ਦੀਆਂ ਚੀਜ਼ਾਂ ਅਤੇ ਦਵਾਈਆਂ ਬਣਾਈਆਂ ਜਾਂਦੀਆਂ ਹਨ । ਇਹ ਫ਼ਸਲ ਖੇਤੀ ਵਿੱਚ ਭਿੰਨਤਾ ਲਿਆਉਣ ਵਿੱਚ ਕਿਸਾਨਾਂ ਲਈ ਮਹੱਤਵਪੂਰਨ ਹੈ । ਸੋਇਆਬੀਨ ਪੰਜਾਬ ਵਿੱਚ ਕਿਸਾਨਾਂ ਲਈ ਇੱਕ ਲਾਭਦਾਇਕ ਫ਼ਸਲ ਬਣ ਚੁੱਕੀ ਹੈ । ਇਹ ਨਾ ਸਿਰਫ਼ ਮਿੱਟੀ ਦੀ ਉਪਜਾਊ ਤਾਕਤ ਵਧਾਉਂਦੀ ਹੈ, ਬਲਕਿ ਕਿਸਾਨਾਂ ਨੂੰ ਵਧੀਆ ਆਰਥਿਕ ਮੁਨਾਫ਼ਾ ਵੀ ਦਿੰਦੀ ਹੈ । ਸਹੀ ਤਰੀਕੇ ਨਾਲ ਕਾਸ਼ਤ ਅਤੇ ਪਾਣੀ ਦੀ ਬੱਚਤ ਨਾਲ ਕਿਸਾਨ ਸੋਇਆਬੀਨ ਤੋਂ ਉੱਚ ਪੈਦਾਵਾਰ ਹਾਸਲ ਕਰ ਸਕਦੇ ਹਨ । ਸੋਇਆਬੀਨ ਨੂੰ ਗਰਮ ਮੌਸਮ ਚਾਹੀਦਾ ਹੈ । ਚੰਗੀ ਜਲ-ਨਿਕਾਸ ਵਾਲੀ, ਉਪਜਾਊ ਜ਼ਮੀਨ ਇਸ ਲਈ ਸਹੀ ਰਹਿੰਦੀ ਹੈ । ਸੇਮ ਵਾਲੀਆਂ ਅਤੇ ਕਲਰਾਠੀਆਂ ਜ਼ਮੀਨਾਂ ਲਈ ਇਹ ਢੁੱਕਵੀਂ ਨਹੀਂ ਹੈ ।

**ਕਾਸ਼ਤ ਦੇ ਢੰਗ**

**ਕਿਸਮਾਂ ਅਤੇ ਬੀਜ ਦੀ ਮਾਤਰਾ** : ਸੋਇਆਬੀਨ ਦੀਆਂ ਐਸ ਐਲ 958, ਐਸ ਐਲ 744 ਅਤੇ ਐਸ ਐਲ 525 ਕਿਸਮਾਂ ਦੀ 25-30 ਕਿਲੋ ਬੀਜ ਪ੍ਰਤੀ ਏਕੜ ਨਾਲ ਬਿਜਾਈ ਕੀਤੀ ਜਾਵੇ ।

**ਬਿਜਾਈ ਦਾ ਸਮਾਂ** : ਸੋਇਆਬੀਨ ਦੀ ਬਿਜਾਈ ਜੂਨ ਦੇ ਪਹਿਲੇ ਪੰਦਰ੍ਹਵਾੜਾ ਵਿੱਚ ਕਰ ਦੇਣੀ ਚਾਹੀਦੀ ਹੈ ।

**ਬੀਜ ਨੂੰ ਟੀਕਾ ਲਾਉਣਾ** : ਬੀਜ ਨੂੰ ਬਿਜਾਈ ਤੋਂ ਪਹਿਲਾਂ ਟੀਕਾ ਲਗਾਉਣਾ ਬਹੁਤ ਜ਼ਰੂਰੀ ਹੈ । ਇੱਕ ਏਕੜ ਦੇ ਬੀਜ ਨੂੰ ਘੱਟ ਤੋਂ ਘੱਟ ਪਾਣੀ ਨਾਲ ਸਿੱਲ੍ਹਾ ਕਰੋ ਅਤੇ ਇਸ ਵਿੱਚ ਬਰੈਡੀਰਾਈਜ਼ੋਬੀਅਮ (ਐਲ ਐਸ ਬੀ ਆਰ 3) ਦੇ ਇੱਕ ਪੈਕਟ ਨੂੰ ਚੰਗੀ ਤਰ੍ਹਾਂ ਰਲਾਓ ਅਤੇ ਇਸ ਨੂੰ ਛਾਂ ਵਿੱਚ ਸੁਕਾ ਕੇ ਤੁਰੰਤ ਬੀਜ ਦਿਉ । ਇਸ ਟੀਕੇ ਨਾਲ ਬੂਟਿਆਂ ਦੀ ਗਿਣਤੀ ਅਤੇ ਫ਼ਸਲ ਦੀ ਉਪਜ 8% ਤੱਕ ਵਧ ਸਕਦੀ ਹੈ । ਇਹ ਟੀਕਾ ਬੀਜ ਦੀ ਦੁਕਾਨ (ਗੇਟ ਨੰ: 1) ਅਤੇ ਵਿਗਿਆਨ ਕੇਂਦਰਾਂ/ਸਲਾਹਕਾਰ ਸੇਵਾਵਾਂ 'ਤੇ ਉਪਲਬਧ ਹੈ ।

**ਬਿਜਾਈ ਦਾ ਢੰਗ** : ਬਿਜਾਈ ਨੂੰ ਚੰਗੇ ਮੌਸਮ ਵਿੱਚ ਕਰੋ । ਜੇ ਮੀਂਹ ਨਾ ਪਵੇ, ਤਾਂ ਪਹਿਲਾਂ ਖੇਤ ਰੌਣੀ ਕਰ ਲਓ । ਕਤਾਰਾਂ ਦਾ ਫ਼ਾਸਲਾ 45 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ ਫ਼ਾਸਲਾ 4-5 ਸੈਂਟੀਮੀਟਰ ਰੱਖ ਕੇ 2.5-5.0 ਸੈਂਟੀਮੀਟਰ ਡੂੰਘੀ ਬਿਜਾਈ ਕਰੋ । ਬਿਨਾਂ ਵਾਹੇ ਜ਼ੀਰੋ-ਟਿੱਲ ਡ੍ਰਿੱਲ ਨਾਲ ਵੀ ਬਿਜਾਈ ਕੀਤੀ ਜਾ ਸਕਦੀ ਹੈ । ਦਰਮਿਆਨੀ ਅਤੇ ਭਾਰੀ ਜ਼ਮੀਨਾਂ ਉੱਤੇ ਬੈੱਡ ਪਲਾਂਟਰ ਨਾਲ 67.5 ਸੈਂਟੀਮੀਟਰ ਵਿੱਥ ਦੇ ਬੈੱਡ ਬਣਾਓ (37.5 ਸੈਂਟੀਮੀਟਰ ਬੈੱਡ + 30 ਸੈਂਟੀਮੀਟਰ ਖਾਲੀ) ਅਤੇ ਹਰੇ ਬੈੱਡ 'ਤੇ ਦੋ ਕਤਾਰਾਂ ਬੀਜੋ । ਸਿੰਚਾਈ ਖਾਲੀਆਂ ਦੇ ਰਾਹੀਂ ਕਰੋ ਤਾਂ ਕਿ ਪਾਣੀ ਬੈੱਡਾਂ ਤੋਂ ਨਾ ਵਗੇ । ਇਸ ਤਰੀਕੇ ਨਾਲ ਬਿਜਾਈ ਕਰਨ ਨਾਲ ਫ਼ਸਲ ਮੀਂਹ ਦੇ ਨੁਕਸਾਨ ਤੋਂ ਬਚਦੀ ਹੈ, ਬੂਟਿਆਂ ਦੀ ਗਿਣਤੀ ਵਧਦੀ ਹੈ ਅਤੇ ਪਾਣੀ ਦੀ 20-30% ਬੱਚਤ ਹੁੰਦੀ ਹੈ । ਬਿਜਾਈ ਵੇਲੇ ਖੇਤ ਵਿੱਚ ਪੂਰਾ ਵੱਤਰ ਹੋਣਾ ਜ਼ਰੂਰੀ ਹੈ । ਜੇ ਵੱਤਰ ਪੂਰਾ ਨਾ ਹੋਵੇ, ਤਾਂ ਬਿਜਾਈ ਤੋਂ 2-3 ਦਿਨ ਬਾਅਦ ਖਾਲੀਆਂ ਵਿੱਚ ਪਾਣੀ ਦੇਵੋ ।

**ਨਦੀਨਾਂ ਦੀ ਰੋਕਥਾਮ** : ਦੋ ਗੋਡੀਆਂ ਬਿਜਾਈ ਤੋਂ 20 ਅਤੇ 40 ਦਿਨਾਂ ਬਾਅਦ ਕਰੋ ਜਾਂ ਪ੍ਰਤੀ ਏਕੜ 600 ਮਿਲੀਲਿਟਰ ਸਟੌਂਪ 30 ਈ ਸੀ (ਪੈਂਡੀਮੈਥਾਲੀਨ) ਬਿਜਾਈ ਤੋਂ 2 ਦਿਨ ਦੇ ਅੰਦਰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ਅਤੇ ਜੇ ਲੋੜ ਪਵੇ ਤਾਂ 40 ਦਿਨਾਂ ਬਾਅਦ ਇੱਕ ਗੋਡੀ ਕਰ ਦਿਓ ਜਾਂ ਬਿਜਾਈ ਤੋਂ 15-20 ਦਿਨਾਂ ਬਾਅਦ 300 ਮਿਲੀਲਿਟਰ ਪ੍ਰਤੀ ਏਕੜ ਪਰੀਮੇਜ਼ 10 ਐਸ ਐਲ (ਇਮੇਜ਼ਥਾਪਾਇਰ) ਦਾ ਛਿੜਕਾਅ 150 ਲਿਟਰ ਪਾਣੀ ਵਰਤ ਕੇ ਕਰੋ ।

**ਖਾਦਾਂ ਪਾਉਣ ਦਾ ਸਮਾਂ ਅਤੇ ਢੰਗ** : ਖਾਦਾਂ ਦਾ ਅਸਰ, ਜ਼ਮੀਨ ਦੀ ਪਾਣੀ ਸੰਭਾਲਣ ਦੀ ਸ਼ਕਤੀ ਤੇ ਨਿਰਭਰ ਕਰਦਾ ਹੈ । ਸੋਇਆਬੀਨ ਦਾ ਚੰਗਾ ਝਾੜ ਲੈਣ ਲਈ ਹਰੀ ਖਾਦ ਦੇ ਨਾਲ-ਨਾਲ ਨਾਈਟ੍ਰੋਜਨ ਖਾਦ ਦੀ ਪੂਰੀ ਮਾਤਰਾ (12.5 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ ਦੇ ਹਿਸਾਬ ਨਾਲ) ਪਾਓ । ਬਿਜਾਈ ਸਮੇਂ 12.5 ਕਿਲੋ ਨਾਈਟ੍ਰੋਜਨ (28 ਕਿਲੋ ਯੂਰੀਆ) ਅਤੇ 32 ਕਿਲੋ ਫਾਸਫੋਰਸ ਤੱਤ (200 ਕਿਲੋ ਸਿੰਗਲ ਸੁਪਰਫ਼ਾਸਫੇਟ) ਪ੍ਰਤੀ ਏਕੜ ਪਾਉ । ਪਰ ਜੇਕਰ ਕਣਕ ਨੂੰ ਫ਼ਾਸਫੋਰਸ ਤੱਤ ਦੀ ਸਿਫ਼ਾਰਸ਼ ਕੀਤੀ ਮਾਤਰਾ ਪਾਈ ਗਈ ਹੋਵੇ ਤਾਂ ਕਣਕ ਪਿੱਛੋਂ ਸੋਇਆਬੀਨ ਨੂੰ 24 ਕਿਲੋ ਫਾਸਫੋਰਸ ਤੱਤ (150 ਕਿਲੋ ਸਿੰਗਲ ਸੁਪਰਫ਼ਾਸਫੇਟ) ਪ੍ਰਤੀ ਏਕੜ ਹੀ ਪਾਉ । ਵਧੇਰੇ ਧਾੜ ਲੈਣ ਵਾਸਤੇ ਖਾਦਾਂ ਤੋਂ ਇਲਾਵਾ ਫ਼ਸਲ ਬੀਜਣ ਤੋਂ 60 ਅਤੇ 75 ਦਿਨਾਂ ਬਾਅਦ 2% ਯੂਰੀਆ (3 ਕਿਲੋ ਯੂਰੀਆ 150 ਲਿਟਰ ਪਾਣੀ ਵਿੱਚ ਪ੍ਰਤੀ ਏਕੜ) ਦਾ ਛਿੜਕਾਅ ਕਰੋ । ਲੋਹੇ ਦੀ ਘਾਟ ਦੇ ਨਿਸ਼ਾਨ ਪਹਿਲਾਂ ਨਵੇਂ ਪੱਤਿਆਂ ਤੇ ਆਉਂਦੇ ਹਨ ਜਿਸ ਦੇ ਨਾਲ ਪੱਤੇ ਦਾ ਰੰਗ ਪੀਲਾ ਅਤੇ ਨਾੜੀਆਂ ਹਰੀਆਂ ਨਜ਼ਰ ਆਉਂਦੀਆਂ ਹਨ । ਫ਼ਸਲ ਵਿੱਚ ਲੋਹੇ ਦੀ ਘਾਟ ਨੂੰ ਪੂਰਾ ਕਰਨ ਅਤੇ ਵਧੇਰੇ ਝਾੜ ਲੈਣ ਲਈ 30 ਦਿਨਾਂ ਦੇ ਫੈਰਸ ਸਲਫ਼ੇਟ ਦੇ 0.5 ਪ੍ਰਤੀਸ਼ਤ ਘੋਲ ਦਾ ਅਤੇ 60 ਦਿਨਾਂ ਦੀ ਫ਼ਸਲ ਤੇ 0.5 ਪ੍ਰਤੀਸ਼ਤ ਫੈਰਸ ਸਲਫੇਟ + 2 ਪ੍ਰਤੀਸ਼ਤ ਯੂਰੀਆ (ਰਲਾਅ ਕੇ) ਦਾ ਛਿੜਕਾਅ ਕਰੋ ।

**ਸਿੰਚਾਈ** : ਜੇਕਰ ਵਰਖਾ ਚੰਗੀ ਅਤੇ ਠੀਕ ਸਮੇਂ ਹੋਵੇ ਤਾਂ ਸਿੰਚਾਈ ਦੀ ਲੋੜ ਨਹੀਂ ਹੈ । ਜੇਕਰ ਵਰਖਾ ਨਾ ਹੋਵੇ ਤਾਂ ਫ਼ਸਲ ਨੂੰ 3-4 ਪਾਣੀ ਚਾਹੀਦੇ ਹਨ । ਫ਼ਲੀਆਂ ਵਿੱਚ ਦਾਣੇ ਪੈਣ ਸਮੇਂ ਇੱਕ ਸਿੰਚਾਈ ਬਹੁਤ ਜ਼ਰੂਰੀ ਹੈ ।

**ਕਟਾਈ** : ਫ਼ਸਲ ਦੀ ਕਟਾਈ ਉਸ ਸਮੇਂ ਕਰ ਲਉ ਜਦੋਂ ਬਹੁਤ ਸਾਰੇ ਪੱਤੇ ਝੜ ਜਾਣ ਅਤੇ ਫ਼ਲੀਆਂ ਦਾ ਰੰਗ ਬਦਲ ਜਾਵੇ । ਦਾਣੇ ਕਿਰਨ ਤੋਂ ਬਚਾਉਣ ਲਈ ਕਟਾਈ ਵਿੱਚ ਦੇਰੀ ਨਹੀਂ ਕਰਨੀ ਚਾਹੀਦੀ ਹੈ । ਗਹਾਈ ਦਾ ਕੰਮ ਪ੍ਰਚੱਲਤ ਢੰਗ ਨਾਲ ਹੋਰ ਦਾਲਾਂ ਦੀ ਤਰ੍ਹਾਂ ਹੀ ਕਰਨਾ ਚਾਹੀਦਾ ਹੈ, ਕਿਸਾਨ ਵੀਰ ਧਿਆਨ ਰੱਖਣ ਕਿ ਫ਼ਸਲ ਨੂੰ ਬਹੁਤਾ ਕੁੱਟਿਆ ਜਾਂ ਲਿਤਾੜਿਆ ਨਾ ਜਾਵੇ ਜਿਸ ਨਾਲ ਉਪਜ ਦੀ ਕੁਆਲਟੀ ਅਤੇ ਬੀਜ ਦੀ ਉੱਗਣ ਸ਼ਕਤੀ ਵਿੱਚ ਫ਼ਰਕ ਪੈਂਦਾ ਹੈ ।

ਸੋਇਆਬੀਨ ਦੀ ਸਫ਼ਲ ਫ਼ਸਲ ਲਈ ਬੀਜ ਦਾ ਚੰਗਾ ਟੀਕਾ, ਸਮੇਂ ਸਿਰ ਬਿਜਾਈ, ਮਿੱਟੀ ਦੀ ਸਹੀ ਤਿਆਰੀ, ਨਦੀਨਾਂ ਦੀ ਰੋਕਥਾਮ, ਖਾਦਾਂ ਦੀ ਸਹੀ ਮਾਤਰਾ ਅਤੇ ਸਿੰਚਾਈ ਬਹੁਤ ਜ਼ਰੂਰੀ ਹੈ ।



# ਬਾਸਮਤੀ ਦੀ ਸਿਹਤਮੰਦ ਪਨੀਰੀ ਤਿਆਰ ਕਰਨ ਲਈ ਜ਼ਰੂਰੀ ਨੁਕਤੇ

**ਅਮਨਦੀਪ ਕੌਰ ਅਤੇ ਗੁਰਬੀਰ ਕੌਰ,**
ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ (ਮੋ. 78892-94391)

**ਪਨੀਰੀ ਦੇ ਨਰੋਏ ਅਤੇ ਤੰਦਰੁਸਤ ਬੂਟਿਆਂ ਲਈ ਬੀਜ ਨੂੰ ਪਾਣੀ ਵਿੱਚ ਪਾ ਕੇ ਚੰਗੀ ਤਰ੍ਹਾਂ ਹਿਲਾਉਣ ਤੋਂ ਬਾਅਦ ਹਲਕਾ ਬੀਜ ਵੱਖ ਕਰ ਦਿਉ। ਅੱਠ ਕਿਲੋ ਭਾਰੇ ਬੀਜ ਨਾਲ ਬੀਜੀ ਪਨੀਰੀ ਇੱਕ ਏਕੜ ਲਈ ਕਾਫ਼ੀ ਹੁੰਦੀ ਹੈ। ਬਾਸਮਤੀ ਦੀ ਫ਼ਸਲ ਨੂੰ ਮੁੱਢਾਂ ਦੇ ਗਾਲੇ (ਝੰਡਾ ਰੋਗ) ਦੀ ਬਿਮਾਰੀ ਤੋਂ ਬਚਾਉਣ ਲਈ ਬੀਜ ਨੂੰ ਬੀਜਣ ਤੋਂ ਪਹਿਲਾਂ 15 ਗ੍ਰਾਮ ਟ੍ਰਾਈਕੋਡਰਮਾ ਐਸਪੈਰੇਲਮ 2% ਡਬਲਯੂ ਪੀ, ਪੀ ਏ ਯੂ, ਸਟ੍ਰੇਨ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਉ।**

**ਬਾਸਮਤੀ ਦੀਆਂ ਕਿਸਮਾਂ** : ਪੰਜਾਬ ਬਾਸਮਤੀ 7, 5 ਅਤੇ ਪੂਸਾ ਬਾਸਮਤੀ 1847, 1121 ਤੇ 1718 ਦੀ ਪਨੀਰੀ ਬੀਜਣ ਦਾ ਢੁੱਕਵਾਂ ਸਮਾਂ 1-15 ਜੂਨ ਹੈ। ਸੀ ਐਸ ਆਰ 30 ਅਤੇ ਪੂਸਾ ਬਾਸਮਤੀ 1509 ਲਈ ਢੁੱਕਵਾਂ ਸਮਾਂ 15-30 ਜੂਨ ਹੈ।

**ਬੀਜ ਸੋਧ** : ਪਨੀਰੀ ਦੇ ਨਰੋਏ ਅਤੇ ਤੰਦਰੁਸਤ ਬੂਟਿਆਂ ਲਈ ਬੀਜ ਨੂੰ ਪਾਣੀ ਵਿੱਚ ਪਾ ਕੇ ਚੰਗੀ ਤਰ੍ਹਾਂ ਹਿਲਾਉਣ ਤੋਂ ਬਾਅਦ ਹਲਕਾ ਬੀਜ ਵੱਖ ਕਰ ਦਿਉ। ਅੱਠ ਕਿਲੋ ਭਾਰੇ ਬੀਜ ਨਾਲ ਬੀਜੀ ਪਨੀਰੀ ਇੱਕ ਏਕੜ ਲਈ ਕਾਫ਼ੀ ਹੁੰਦੀ ਹੈ। ਬਾਸਮਤੀ ਦੀ ਫ਼ਸਲ ਨੂੰ ਮੁੱਢਾਂ ਦੇ ਗਾਲੇ (ਝੰਡਾ ਰੋਗ) ਦੀ ਬਿਮਾਰੀ ਤੋਂ ਬਚਾਉਣ ਲਈ ਬੀਜ ਨੂੰ ਬੀਜਣ ਤੋਂ ਪਹਿਲਾਂ 15 ਗ੍ਰਾਮ ਟ੍ਰਾਈਕੋਡਰਮਾ ਐਸਪੈਰੇਲਮ 2% ਡਬਲਯੂ ਪੀ, ਪੀ ਏ ਯੂ, ਸਟ੍ਰੇਨ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਉ। ਪਨੀਰੀ ਖੇਤ ਵਿੱਚ



ਲਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਦੀ 15 ਗ੍ਰਾਮ ਟ੍ਰਾਈਕੋਡਰਮਾ ਐਸਪੈਰੇਲਮ 2% ਡਬਲਯੂ ਪੀ, ਪੀ ਏ ਯੂ, ਸਟ੍ਰੇਨ ਪ੍ਰਤੀ ਲਿਟਰ ਪਾਣੀ ਵਿੱਚ 6 ਘੰਟੇ ਲਈ ਡੁਬੋ ਲਵੋ। ਬੀਜ ਤੋਂ ਸ਼ੁਰੂ ਹੋਣ ਵਾਲੀਆਂ ਦੂਜੀਆਂ ਬਿਮਾਰੀਆਂ ਦੀ ਰੋਕਥਾਮ ਲਈ ਬੀਜ ਨੂੰ ਬੀਜਣ ਤੋਂ ਪਹਿਲਾਂ 3 ਗ੍ਰਾਮ ਸਪਰਿੰਟ 75 ਡਬਲਯੂ ਐਸ (ਮੈਨਕੋਜ਼ੈਬ + ਕਾਰਬੈਂਡਾਜ਼ਿਮ) ਨੂੰ 10-12 ਮਿਲੀਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਕਿਲੋ ਬੀਜ (8 ਕਿਲੋ ਬੀਜ ਲਈ 24 ਗ੍ਰਾਮ ਉੱਲੀਨਾਸ਼ਕ 80-100 ਮਿਲੀਲਿਟਰ ਪਾਣੀ ਵਿੱਚ ਘੋਲ ਕੇ) ਦੇ ਹਿਸਾਬ ਨਾਲ ਲਾਓ।


**ਪਨੀਰੀ ਬੀਜਣ ਦਾ ਢੰਗ ਅਤੇ ਖਾਦ-ਖੁਰਾਕ** : ਬਾਸਮਤੀ ਦੀ ਪਨੀਰੀ ਵਿੱਚ ਨੀਮਾਟੋਡ ਦੀ ਰੋਕਥਾਮ ਲਈ ਪਨੀਰੀ ਬੀਜਣ ਤੋਂ 10 ਦਿਨ ਪਹਿਲਾਂ, ਖੇਤ ਦੀ ਰੌਣੀ ਉਪਰੰਤ ਆਖਰੀ ਵਾਹੀ ਵੇਲੇ 40 ਗ੍ਰਾਮ ਸਰ੍ਹੋਂ ਦੀ ਖਲ ਪ੍ਰਤੀ ਵਰਗ ਮੀਟਰ (1.0 ਕਿਲੋ ਪ੍ਰਤੀ ਮਰਲਾ) ਦੇ ਹਿਸਾਬ ਨਾਲ ਪਾਓ। ਪਨੀਰੀ ਲਈ ਪ੍ਰਤੀ ਏਕੜ 26 ਕਿਲੋ ਯੂਰੀਆ, 60 ਕਿਲੋ ਸਿੰਗਲ ਸੁਪਰ ਫਾਸਫੇਟ ਅਤੇ 40 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡੇਟ ਜਾਂ 25.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡੇਟ ਬਿਜਾਈ ਸਮੇਂ ਪਾ ਦਿਉ। ਸੋਧੇ ਹੋਏ ਭਿੱਜੇ ਬੀਜ ਨੂੰ ਗਿੱਲੀਆਂ ਬੋਰੀਆਂ ਉਪਰ 7-8 ਸੈਂਟੀਮੀਟਰ ਮੋਟੀ ਤਹਿ ਵਿੱਚ ਖਿਲਾਰ ਦਿਉ ਅਤੇ ਉਪਰੋਂ ਗਿੱਲੀਆਂ ਬੋਰੀਆਂ ਨਾਲ ਢੱਕ ਦਿਉ। ਢੱਕੇ ਹੋਏ ਬੀਜ ਉੱਪਰ ਸਮੇਂ-ਸਮੇਂ ਸਿਰ ਪਾਣੀ ਛਿੜਕ ਕੇ ਬੀਜ ਨੂੰ ਗਿੱਲਾ ਰੱਖੋ। ਇਸ ਤਰ੍ਹਾਂ 24 ਤੋਂ 36 ਘੰਟੇ ਦੇ ਅੰਦਰ ਬੀਜ ਪੁੰਗਰ ਪਵੇਗਾ। ਇੱਕ ਏਕੜ ਖੇਤ ਲਈ ਪਨੀਰੀ ਤਿਆਰ ਕਰਨ ਵਾਸਤੇ 8 ਕਿਲੋ ਬੀਜ ਨੂੰ ਤਕਰੀਬਨ 160 ਵਰਗ ਮੀਟਰ (6.5 ਮਰਲੇ) ਥਾਂ ਵਿੱਚ ਇਕਸਾਰ ਛੱਟਾ ਦੇ ਕੇ ਬੀਜ ਦਿਉ। ਬੀਜ ਨੂੰ ਪੰਛੀਆਂ ਤੋਂ ਬਚਾਉਣ ਲਈ, ਝੋਨੇ ਦੀ ਪਨੀਰੀ ਬੀਜਣ ਉਪਰੰਤ ਚੰਗੀ ਤਰ੍ਹਾਂ ਗਲੀ-ਸੜੀ ਰੂੜੀ ਦੀ ਪਤਲੀ ਤਹਿ ਖਿਲਾਰ ਦਿਉ। ਪਨੀਰੀ ਨੂੰ ਲਗਾਤਾਰ ਪਾਣੀ ਦਿੰਦੇ ਰਹੋ।

ਪਨੀਰੀ ਬੀਜਣ ਤੋਂ 15 ਦਿਨ ਬਾਅਦ 26 ਕਿਲੋ ਯੂਰੀਆ/ਏਕੜ ਹੋਰ ਪਾਉ ਤਾਂ ਜੋ 25-30 ਦਿਨਾਂ ਦੀ ਪਨੀਰੀ ਲਾਉਣ ਲਈ ਤਿਆਰ ਹੋ ਜਾਵੇ। ਜਦ ਪਨੀਰੀ 5-6 ਪੱਤਿਆਂ ਵਾਲੀ ਹੋ ਜਾਵੇ ਤਾਂ ਸਮਝੋ ਪਨੀਰੀ ਲਾਉਣ ਲਈ ਤਿਆਰ ਹੈ। ਜੇਕਰ ਪਨੀਰੀ ਵੱਡੀ ਉਮਰ ਦੀ ਹੋ ਜਾਵੇ ਤਾਂ ਇਸ ਨਾਲ ਪਨੀਰੀ ਨੂੰ ਗੰਢਾਂ ਪੈ ਜਾਂਦੀਆਂ ਹਨ, ਸ਼ਾਖਾਂ ਘੱਟ ਫੁੱਟਦੀਆਂ ਹਨ ਅਤੇ ਝਾੜ ਘੱਟ ਜਾਂਦਾ ਹੈ। ਪੂਸਾ ਬਾਸਮਤੀ 1509 ਦੀ 25 ਦਿਨ ਦੀ ਪਨੀਰੀ ਖੇਤ ਵਿੱਚ ਲਗਾ ਦੇਣੀ ਚਾਹੀਦੀ ਹੈ।

ਜੇਕਰ ਪਨੀਰੀ ਦੇ ਨਵੇਂ ਪੱਤੇ ਪੀਲੇ ਪੈ ਜਾਣ ਤਾਂ ਫੈਰਸ ਸਲਫੇਟ ਦਾ 0.5-1.0% (ਅੱਧੇ ਤੋਂ ਇੱਕ ਕਿਲੋ ਫੈਰਸ ਸਲਫੇਟ ਨੂੰ 100 ਲਿਟਰ ਪਾਣੀ/ਏਕੜ ਵਿੱਚ ਘੋਲ ਕੇ) ਹਫ਼ਤੇ-ਹਫ਼ਤੇ ਦੇ ਫ਼ਰਕ ਨਾਲ 3 ਛਿੜਕਾਅ ਕਰੋ। ਜੇਕਰ ਪਨੀਰੀ ਦੇ ਪੁਰਾਣੇ ਪੱਤੇ ਜੰਗਾਲੇ ਹੋ ਜਾਣ ਤਾਂ 0.5% ਜ਼ਿੰਕ ਸਲਫੇਟ ਹੈਪਟਾਹਾਈਡੇਟ (ਅੱਧਾ ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡੇਟ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ) ਜਾਂ 0.3% ਜ਼ਿੰਕ ਸਲਫੇਟ (300 ਗ੍ਰਾਮ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ) ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।

**ਪਨੀਰੀ ਵਿੱਚ ਨਦੀਨਾਂ ਦੀ ਰੋਕਥਾਮ**

| ਨਦੀਨ | ਨਦੀਨ ਨਾਸ਼ਕ ਪ੍ਰਤੀ ਏਕੜ | ਛਿੜਕਾਅ ਦਾ ਸਮਾਂ |
|---|---|---|
| ਸਵਾਂਕ ਅਤੇ ਹੋਰ ਮੌਸਮੀ ਘਾਹ ਵਾਲੇ ਨਦੀਨਾਂ ਦੀ ਰੋਕਥਾਮ ਲਈ | ਸੋਫਿਟ 37.5 ਈ ਸੀ (ਪ੍ਰੇਟੀਲਾਕਲੋਰ + ਸੇਨਫਰ) 500 ਮਿਲੀਲਿਟਰ<br>ਬੂਟਾਕਲੋਰ 50 ਈ ਸੀ 1200 ਮਿਲੀਲਿਟਰ | ਪਨੀਰੀ ਦੀ ਲੁਆਈ ਤੋਂ 3 ਦਿਨਾਂ ਪਿੱਛੋਂ 60 ਕਿਲੋ ਰੇਤ ਵਿੱਚ ਮਿਲਾ ਕੇ ਛੱਟਾ ਦਿਉ<br>ਪਨੀਰੀ ਦੀ ਲੁਆਈ ਤੋਂ 7 ਦਿਨਾਂ ਪਿੱਛੋਂ 60 ਕਿਲੋ ਰੇਤ ਵਿੱਚ ਮਿਲਾ ਕੇ ਛੱਟਾ ਦਿਉ |
| ਸਵਾਂਕ ਅਤੇ ਝੋਨੇ ਦੇ ਮੋਥੇ | 100 ਮਿਲੀਲਿਟਰ ਪ੍ਰਤੀ ਏਕੜ ਨੋਮਿਨੀ ਗੋਲਡ/ਵਾਸ਼ ਆਊਟ/ਮਾਚੋਂ/ਤਾਰਕ 10 ਐਸ ਸੀ | ਪਨੀਰੀ ਦੀ ਲੁਆਈ ਤੋਂ 15-20 ਦਿਨਾਂ ਪਿੱਛੋਂ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ |



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 23
ਮਿਤੀ 06-06-2026

ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ



ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
RNI No.**PUNPUN00806**


# ਰੇਤਲੀ ਧਰਤੀ ਵਿੱਚ ਦੱਬਿਆ ਛੋਟਾ ਦਾਣਾ ਕਿਸਾਨ ਦੀ ਆਰਥਿਕਤਾ ਲਈ ਸੋਨਾ

**ਹਰਨੇਕ ਸਿੰਘ ਜੈਨਪੁਰੀ**, ਮੋ. 94170-83392

ਪੰਜਾਬ ਦੀ ਖੇਤੀ ਦਾ ਇਤਿਹਾਸ ਜਦੋਂ ਵੀ ਲਿਖਿਆ ਜਾਵੇਗਾ, ਉਸ ਵਿੱਚ ਮੂੰਗਫਲੀ ਦਾ ਨਾਂ ਅਜਿਹੀ ਫ਼ਸਲ ਵਜੋਂ ਦਰਜ ਰਹੇਗਾ, ਜਿਸ ਨੇ ਕਦੇ ਹਜ਼ਾਰਾਂ ਕਿਸਾਨਾਂ ਦੇ ਘਰਾਂ ਦੀ ਆਰਥਿਕਤਾ ਸੰਭਾਲੀ ਸੀ। ਅੱਜ ਭਾਵੇਂ ਮੂੰਗਫਲੀ ਪੰਜਾਬ ਦੇ ਖੇਤਾਂ ਵਿੱਚ ਪਹਿਲਾਂ ਵਾਂਗ ਵੱਡੇ ਪੱਧਰ 'ਤੇ ਨਹੀਂ ਦਿਸਦੀ ਪਰ ਇਕ ਸਮਾਂ ਸੀ, ਜਦੋਂ ਦੋਆਬੇ ਅਤੇ ਕੰਢੀ ਇਲਾਕੇ ਦੀ ਪਛਾਣ ਹੀ ਮੂੰਗਫਲੀ ਨਾਲ ਹੁੰਦੀ ਸੀ। ਖੇਤਾਂ ਵਿੱਚ ਖਿੜਦੇ ਪੀਲੇ ਫੁੱਲ, ਮਿੱਟੀ ਹੇਠਾਂ ਬਣਦੇ ਦਾਣੇ ਅਤੇ ਮੰਡੀਆਂ ਵਿੱਚ ਮੂੰਗਫਲੀ ਦੀ ਖ਼ੁਸ਼ਬੂ ਪੰਜਾਬ ਦੀ ਪੇਂਡੂ ਅਰਥ-ਵਿਵਸਥਾ ਦਾ ਅਟੁੱਟ ਹਿੱਸਾ ਸੀ। ਹੁਣ ਜਦੋਂ ਪੰਜਾਬ ਪਾਣੀ ਦੇ ਗੰਭੀਰ ਸੰਕਟ, ਮਿੱਟੀ ਦੀ ਥਕਾਵਟ ਅਤੇ ਰਵਾਇਤੀ ਫ਼ਸਲੀ ਚੱਕਰ ਦੀਆਂ ਮੁਸ਼ਕਲਾਂ ਨਾਲ ਜੂਝ ਰਿਹਾ ਹੈ ਤਾਂ ਮੂੰਗਫਲੀ ਇਕ ਵਾਰ ਫਿਰ ਭਵਿੱਖ ਦੀ ਉਮੀਦ ਵਜੋਂ ਉੱਭਰਦੀ ਨਜ਼ਰ ਆ ਰਹੀ ਹੈ।

**ਸਮੇਂ ਦੀ ਵੱਡੀ ਲੋੜ**

ਇਸ ਵੇਲੇ ਪੰਜਾਬ ਦੇ ਕਿਸਾਨਾਂ ਦੀ ਫ਼ਸਲੀ ਵਿਭਿੰਨਤਾ, ਪਾਣੀ ਦੀ ਬਚਤ ਅਤੇ ਵਧੇਰੇ ਮੁਨਾਫ਼ੇ ਵਾਲੀਆਂ ਫ਼ਸਲਾਂ ਵੱਲ ਧਿਆਨ ਦੇਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਬਣ ਚੁੱਕੀ ਹੈ। ਧਰਤੀ ਹੇਠਲੇ ਡਿੱਗ ਰਹੇ ਪਾਣੀ ਅਤੇ ਲਗਾਤਾਰ ਵੱਧ ਰਹੇ ਖ਼ਰਚਿਆਂ ਨੇ ਖੇਤੀ ਮਾਹਿਰਾਂ ਅਤੇ ਕਿਸਾਨਾਂ ਦੋਵਾਂ ਨੂੰ ਚਿੰਤਤ ਕੀਤਾ ਹੋਇਆ ਹੈ। ਅਜਿਹੇ ਹਾਲਾਤਾਂ ਵਿੱਚ ਬਹਾਰ ਰੁੱਤ ਦੀ ਮੂੰਗਫਲੀ ਅਜਿਹੀ ਬਦਲਵੀ ਫ਼ਸਲ ਵਜੋਂ ਸਾਹਮਣੇ ਆ ਰਹੀ ਹੈ, ਜੋ ਨਾ ਸਿਰਫ਼ ਘੱਟ ਪਾਣੀ ਨਾਲ ਤਿਆਰ ਹੋ ਜਾਂਦੀ ਹੈ ਸਗੋਂ ਕਿਸਾਨ ਨੂੰ ਬਸੰਤ ਰੁੱਤ ਦੀ ਮੱਕੀ ਨਾਲੋਂ ਵਧੇਰੇ ਆਮਦਨ ਵੀ ਹੋ ਸਕਦੀ ਹੈ। ਕਦੇ ਪੰਜਾਬ ਦੀਆਂ ਰੇਤਲੀਆਂ ਅਤੇ ਦਰਮਿਆਨੀ ਜ਼ਮੀਨਾਂ ਵਿੱਚ ਮੂੰਗਫਲੀ ਦੀ ਕਾਸ਼ਤ ਵੱਡੇ ਪੱਧਰ 'ਤੇ ਹੁੰਦੀ ਸੀ। ਹਰੀ ਕ੍ਰਾਂਤੀ ਤੋਂ ਪਹਿਲਾਂ ਸਾਲ 1967-68 ਦੌਰਾਨ ਪੰਜਾਬ ਵਿੱਚ ਲਗਪਗ 2.22 ਲੱਖ ਹੈਕਟੇਅਰ ਰਕਬੇ ਹੇਠ ਮੂੰਗਫਲੀ ਦੀ ਕਾਸ਼ਤ ਕੀਤੀ ਜਾਂਦੀ ਸੀ ਪਰ ਹਰੀ ਕ੍ਰਾਂਤੀ ਤੋਂ ਬਾਅਦ ਅਨਾਜ ਉਤਪਾਦਨ ਵੱਲ ਜ਼ੋਰ ਵਧਣ ਕਾਰਨ ਇਹ ਰਕਬਾ ਲਗਾਤਾਰ ਘਟਦਾ ਗਿਆ।

ਕਪੂਰਥਲਾ ਜ਼ਿਲ੍ਹੇ ਵਿੱਚ ਵੀ ਇਕ ਸਮਾਂ ਅਜਿਹਾ ਸੀ, ਜਦੋਂ 12 ਹਜ਼ਾਰ ਹੈਕਟੇਅਰ ਤੋਂ ਵੱਧ ਰਕਬੇ ਵਿੱਚ ਮੂੰਗਫਲੀ ਦੀ ਬਿਜਾਈ ਹੁੰਦੀ ਸੀ ਪਰ ਮੋਟਰਾਂ ਦੇ ਕੁਨੈਕਸ਼ਨ, ਮਸ਼ੀਨਰੀ ਦੀ ਉਪਲੱਬਧਤਾ ਅਤੇ ਅਨਾਜੀ ਫ਼ਸਲਾਂ ਵੱਲ ਵਧਦੇ ਰੁਝਾਨ ਨੇ ਇਸ ਫ਼ਸਲ ਨੂੰ ਹੌਲੀ-ਹੌਲੀ ਪਿੱਛੇ ਧੱਕ ਦਿੱਤਾ। ਹੁਣ ਹਾਲਾਤ ਬਦਲ ਰਹੇ ਹਨ। ਪੰਜਾਬ ਵਿਚ ਬਹਾਰ ਰੁੱਤ ਦੀ ਮੱਕੀ ਦਾ ਰਕਬਾ 2.5



ਤੋਂ 3 ਲੱਖ ਹੈਕਟੇਅਰ ਤੱਕ ਪਹੁੰਚਣਾ ਖੇਤੀ ਮਾਹਿਰਾਂ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਘੱਟ ਸਮੇਂ ਵਿੱਚ ਤਿਆਰ ਹੋਣ ਵਾਲੀਆਂ ਝੋਨੇ ਦੀਆਂ ਕਿਸਮਾਂ ਕਾਰਨ ਕਿਸਾਨ ਬਚੇ ਸਮੇਂ ਵਿੱਚ ਬਹਾਰ ਰੁੱਤ ਦੀ ਮੱਕੀ ਵੱਲ ਵਧੇ ਹਨ, ਜਿਸ ਨਾਲ ਪਾਣੀ ਦੀ ਖਪਤ ਹੋਰ ਵਧੀ ਹੈ। ਕਪੂਰਥਲਾ ਜ਼ਿਲ੍ਹੇ ਵਿੱਚ ਹੀ ਸਾਲ 2025 ਦੌਰਾਨ 16,200 ਹੈਕਟੇਅਰ ਰਕਬੇ ਵਿੱਚ ਬਸੰਤ ਰੁੱਤ ਦੀ ਮੱਕੀ ਦੀ ਕਾਸ਼ਤ ਕੀਤੀ ਗਈ। ਅਜਿਹੇ ਵਿੱਚ ਖੇਤੀ ਵਿਗਿਆਨੀ ਮੱਕੀ ਹੇਠੋਂ ਕੁਝ ਰਕਬਾ ਘਟਾ ਕੇ ਬਹਾਰ ਰੁੱਤ ਦੀ ਮੂੰਗਫਲੀ ਵੱਲ ਵਧਣ ਦੀ ਸਿਫ਼ਾਰਸ਼ ਕਰ ਰਹੇ ਹਨ। ਪੋਸ਼ਣ ਪੱਖੋਂ ਵੀ ਮੂੰਗਫਲੀ ਨੂੰ ਗਰੀਬਾਂ ਦਾ ਬਦਾਮ ਕਿਹਾ ਜਾਂਦਾ ਹੈ। ਪ੍ਰੋਟੀਨ, ਸਿਹਤਮੰਦ ਤੇਲ, ਫਾਈਵਰ ਤੇ ਖਣਿਜ ਤੱਤਾਂ ਨਾਲ ਭਰਪੂਰ ਮੂੰਗਫਲੀ ਭੋਜਨ ਸੁਰੱਖਿਆ ਲਈ ਮਹੱਤਵਪੂਰਨ ਮੰਨੀ ਜਾਂਦੀ ਹੈ। ਭੁੰਨੀ ਮੂੰਗਫਲੀ ਤੋਂ ਲੈ ਕੇ ਪੀਨਟ ਬਟਰ, ਤੇਲ, ਮਠਿਆਈਆਂ ਅਤੇ ਸਨੈਕ ਉਦਯੋਗ ਤੱਕ ਇਸ ਦੀ ਮੰਗ ਲਗਾਤਾਰ ਵੱਧ ਰਹੀ ਹੈ। ਬਦਲਦੇ ਖਾਣ-ਪੀਣ ਦੇ ਰੁਝਾਨ ਅਤੇ ਫਿਟਨੈਸ ਸੱਭਿਆਚਾਰ ਨੇ ਵੀ ਮੂੰਗਫਲੀ ਦੇ ਉਤਪਾਦਾਂ ਨੂੰ ਨਵਾਂ ਬਾਜ਼ਾਰ ਦਿੱਤਾ ਹੈ।

**ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਵਿੱਚ ਕਰਦੀ ਮਦਦ**

ਅੱਜ ਹਾਲਾਤ ਮੁੜ ਬਦਲ ਰਹੇ ਹਨ। ਪੰਜਾਬ ਵਿੱਚ ਜ਼ਮੀਨ ਹੇਠਲਾ ਪਾਣੀ ਖ਼ਤਰਨਾਕ ਪੱਧਰ ਤੱਕ ਡਿੱਗ ਚੁੱਕਿਆ ਹੈ। ਕਈ ਬਲਾਕ 'ਡਾਰਕ ਜ਼ੋਨ' ਵਿੱਚ ਸ਼ਾਮਿਲ ਹੋ ਚੁੱਕੇ ਹਨ। ਅਜਿਹੇ ਵਿੱਚ ਖੇਤੀ ਵਿਗਿਆਨੀ ਲਗਾਤਾਰ ਘੱਟ ਪਾਣੀ ਵਾਲੀਆਂ ਬਦਲਵੀਂ ਫ਼ਸਲਾਂ ਵੱਲ ਜਾਣ ਦੀ ਸਲਾਹ ਦੇ ਰਹੇ ਹਨ ਅਤੇ ਮੂੰਗਫਲੀ ਇਸ ਸੂਚੀ ਵਿੱਚ ਮਹੱਤਵਪੂਰਨ ਥਾਂ ਰੱਖਦੀ ਹੈ। ਮੂੰਗਫਲੀ ਨੂੰ ਝੋਨੇ ਦੇ ਮੁਕਾਬਲੇ ਕਾਫ਼ੀ ਘੱਟ ਪਾਣੀ ਦੀ ਲੋੜ ਹੁੰਦੀ ਹੈ। ਇਸ ਦੇ ਨਾਲ ਹੀ ਇਹ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਵਿੱਚ ਵੀ ਮਦਦ ਕਰਦੀ ਹੈ ਕਿਉਂਕਿ ਇਹ ਦਾਲਹਨੀ ਪ੍ਰਕਿਰਤੀ ਵਾਲੀ ਫ਼ਸਲ ਹੈ, ਜੋ ਮਿੱਟੀ ਵਿੱਚ ਨਾਈਟਰੋਜਨ ਵਿਕਾਸ ਕਰਨ ਦੀ ਸਮਰੱਥਾ ਰੱਖਦੀ ਹੈ।

**ਖੇਤਾਂ ਵਿੱਚ ਕਰ ਸਕਦੀ ਵਾਪਸੀ**

ਖੇਤੀ ਮਾਹਿਰ ਮੰਨਦੇ ਹਨ ਕਿ ਜੇ ਪੰਜਾਬ ਵਿੱਚ ਮੂੰਗਫਲੀ ਲਈ ਨਿਸ਼ਚਿਤ ਮੰਡੀ ਪ੍ਰਣਾਲੀ, ਪ੍ਰੋਸੈਸਿੰਗ ਯੂਨਿਟ ਅਤੇ ਘੱਟੋ-ਘੱਟ ਸਮਰਥਨ ਮੁੱਲ ਵਰਗਾ ਭਰੋਸਾ ਮਿਲੇ ਤਾਂ ਇਹ ਫ਼ਸਲ ਮੁੜ ਵੱਡੇ ਪੱਧਰ 'ਤੇ ਖੇਤਾਂ ਵਿੱਚ ਵਾਪਸੀ ਕਰ ਸਕਦੀ ਹੈ। ਕਈ ਕਿਸਾਨ ਹੁਣ ਬਸੰਤ ਰੁੱਤ ਦੀ ਮੂੰਗਫਲੀ ਨੂੰ ਮੱਕੀ ਤੇ ਝੋਨੇ ਦੇ ਬਦਲ ਵਜੋਂ ਅਜਮਾਉਣ ਲੱਗੇ ਹਨ। ਖ਼ਾਸ ਕਰਕੇ ਕਪੂਰਥਲਾ, ਹੁਸ਼ਿਆਰਪੁਰ ਤੇ ਨਵਾਂਸ਼ਹਿਰ ਦੇ ਕੁਝ ਇਲਾਕਿਆਂ ਵਿੱਚ ਨਵੀਆਂ ਕਿਸਮਾਂ ਅਤੇ ਆਧੁਨਿਕ ਤਕਨੀਕ ਨਾਲ ਇਸ ਦੀ ਖੇਤੀ ਮੁੜ ਪੈਰ ਪਸਾਰ ਰਹੀ ਹੈ। ਭਵਿੱਖ ਦੀ ਖੇਤੀ ਸਿਰਫ਼ ਵੱਧ ਪੈਦਾਵਾਰ ਦੀ ਨਹੀਂ ਸਗੋਂ ਘੱਟ ਲਾਗਤ, ਘੱਟ ਪਾਣੀ ਤੇ ਵੱਧ ਮੁਨਾਫ਼ੇ ਦੀ ਹੋਵੇਗੀ। ਇਸ ਦੌਰ ਵਿੱਚ ਮੂੰਗਫਲੀ ਵਰਗੀ ਫ਼ਸਲ ਪੰਜਾਬ ਲਈ ਨਵਾਂ ਰਸਤਾ ਖੋਲ੍ਹ ਸਕਦੀ ਹੈ। ਇਕ ਸਮਾਂ ਸੀ, ਜਦੋਂ ਮੂੰਗਫਲੀ ਪੰਜਾਬ ਦੀ ਪਛਾਣ ਸੀ ਤੇ ਹੁਣ ਫਿਰ ਸ਼ਾਇਦ ਸਮਾਂ ਉਸੇ ਮੋੜ ਵੱਲ ਵਾਪਸ ਆ ਰਿਹਾ ਹੈ, ਜਿੱਥੇ ਰੇਤਲੀ ਧਰਤੀ ਵਿੱਚ ਦੱਬਿਆ ਇਹ ਛੋਟਾ ਦਾਣਾ ਕਿਸਾਨ ਦੀ ਆਰਥਿਕਤਾ ਲਈ ਸੋਨਾ ਸਾਬਿਤ ਹੋ ਸਕਦਾ ਹੈ।

**ਮੰਗ ਵਧਣ ਦੀ ਸੰਭਾਵਨਾ**

ਕ੍ਰਿਸ਼ੀ ਵਿਗਿਆਨ ਕੇਂਦਰ ਕਪੂਰਥਲਾ ਦੇ ਡਾਇਰੈਕਟਰ ਡਾ. ਹਰਿੰਦਰ ਸਿੰਘ ਦਾ ਕਹਿਣਾ ਹੈ ਕਿ ਮੂੰਗਫਲੀ ਨੂੰ ਤੇਲ ਬੀਜਾਂ ਦਾ ਰਾਜਾ ਕਿਹਾ ਜਾਂਦਾ ਹੈ। ਇਸ ਦੇ ਬੀਜ ਵਿੱਚ ਲਗਪਗ 45 ਫ਼ੀਸਦੀ ਤੇਲ ਅਤੇ 26 ਫ਼ੀਸਦੀ ਪ੍ਰੋਟੀਨ ਹੁੰਦਾ ਹੈ। ਇਹ ਨਾ ਸਿਰਫ਼ ਪੌਸ਼ਟਿਕ ਹੈ ਸਗੋਂ ਪਸ਼ੂਆਂ ਦੀ ਖ਼ੁਰਾਕ ਲਈ ਵੀ ਇਸ ਦਾ ਉੱਪਰੀ ਹਿੱਸਾ ਬਹੁਤ ਲਾਭਕਾਰੀ ਮੰਨਿਆ ਜਾਂਦਾ ਹੈ। ਭਾਰਤ ਵੱਲੋਂ ਸਾਲ 2023-24 ਵਿੱਚ 6.80 ਲੱਖ ਮੀਟ੍ਰਿਕ ਟਨ ਤੋਂ ਵੱਧ ਮੂੰਗਫਲੀ ਦਾ ਨਿਰਯਾਤ ਕੀਤਾ ਗਿਆ, ਜਿਸ ਦੀ ਕੀਮਤ 7135 ਕਰੋੜ ਰੁਪਏ ਰਹੀ। ਇਹ ਅੰਕੜੇ ਦਰਸਾਉਂਦੇ ਹਨ ਕਿ ਆਉਣ ਵਾਲੇ ਸਮੇਂ ਵਿੱਚ ਇਸ ਫ਼ਸਲ ਦੀ ਮੰਗ ਅਤੇ ਸੰਭਾਵਨਾ ਦੋਵੇਂ ਵਧਣ ਵਾਲੀਆਂ ਹਨ। ਕੇਵੀਕੇ ਕਪੂਰਥਲਾ ਦੇ ਸਹਾਇਕ ਪ੍ਰੋਫ਼ੈਸਰ ਡਾ. ਮਨਦੀਪ ਸਿੰਘ ਦੱਸਦੇ ਹਨ ਕਿ ਵਿਰਾਸਤੀ ਜ਼ਿਲ੍ਹੇ ਵਿੱਚ ਪਿਛਲੇ ਸਮੇਂ ਦੌਰਾਨ ਮੂੰਗਫਲੀ ਦੀ ਫ਼ਸਲ ਬਿਲਕੁਲ ਅਲੋਪ ਹੋ ਚੁੱਕੀ ਸੀ ਲੇਕਿਨ ਪਿਛਲੇ ਸਾਲ 2025 ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਜ਼ਿਲ੍ਹੇ ਵਿੱਚ ਡੈਮੋ ਸ਼ੁਰੂ ਕੀਤੀ ਗਈ ਸੀ ਤੇ ਨੌਂ ਕਨਾਲ ਵਿੱਚ ਮੂੰਗਫਲੀ ਦੀ ਕਾਸ਼ਤ ਸ਼ੁਰੂ ਕਰਵਾਈ ਗਈ ਸੀ ਪਰ ਇਸ ਸਾਲ ਇਹ ਰਕਬਾ ਵੱਧ ਕੇ 70 ਏਕੜ ਤੱਕ ਪਹੁੰਚ ਗਿਆ ਹੈ।

**ਵੱਡੀ ਗਿਣਤੀ ਵਿੱਚ ਲੋਕਾਂ ਨੂੰ ਮਿਲਦਾ ਸੀ ਰੁਜ਼ਗਾਰ**

ਪੰਜਾਬ ਵਿੱਚ ਮੂੰਗਫਲੀ ਦੀ ਖੇਤੀ ਦਾ ਸੁਨਹਿਰੀ ਦੌਰ ਖ਼ਾਸ ਕਰਕੇ 1970 ਅਤੇ 1980 ਦੇ ਦਹਾਕਿਆਂ ਵਿੱਚ ਵੇਖਣ ਨੂੰ ਮਿਲਿਆ। ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਨਵਾਂਸ਼ਹਿਰ ਅਤੇ ਗੁਰਦਾਸਪੁਰ ਦੇ ਕਈ ਇਲਾਕਿਆਂ ਵਿੱਚ ਇਹ ਮੁੱਖ ਨਕਦੀ ਫ਼ਸਲ ਸੀ। ਦੋਆਬੇ ਦੀ ਹਲਕੀ ਅਤੇ ਰੇਤਲੀ ਜ਼ਮੀਨ ਮੂੰਗਫਲੀ ਲਈ ਬਹੁਤ ਉੱਚਿਤ ਮੰਨੀ ਜਾਂਦੀ ਸੀ। ਉਸ ਵੇਲੇ ਕਿਸਾਨ ਮੱਕੀ ਤੇ ਮੂੰਗਫਲੀ ਦੇ ਫ਼ਸਲੀ ਚੱਕਰ ਨਾਲ ਚੰਗੀ ਆਮਦਨ ਕਮਾ ਲੈਂਦੇ ਹਨ। ਪਿੰਡਾਂ ਵਿੱਚ ਛੋਟੇ ਪੱਧਰ 'ਤੇ ਤੇਲ ਕੱਢਣ ਵਾਲੀਆਂ ਘਾਣੀਆਂ ਤੇ ਭੁੰਨੀ ਮੂੰਗਫਲੀ ਦੇ ਵਪਾਰ ਨਾਲ ਵੀ ਵੱਡੀ ਗਿਣਤੀ ਲੋਕਾਂ ਨੂੰ ਰੁਜ਼ਗਾਰ ਮਿਲਦਾ ਸੀ। ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਦੀ ਖੇਤੀ ਹੌਲੀ-ਹੌਲੀ ਕਣਕ ਤੇ ਝੋਨੇ ਦੇ ਚੱਕਰ ਵਿੱਚ ਫਸਦੀ ਚਲੀ ਗਈ। ਸਰਕਾਰੀ ਖ਼ਰੀਦ ਦੀ ਗਾਰੰਟੀ, ਮੰਡੀ ਪ੍ਰਣਾਲੀ ਅਤੇ ਘੱਟ ਜੋਖ਼ਮ ਵਾਲੀ ਆਮਦਨ ਕਾਰਨ ਕਿਸਾਨਾਂ ਨੇ ਰਵਾਇਤੀ ਫ਼ਸਲਾਂ ਛੱਡਣੀਆਂ ਸ਼ੁਰੂ ਕਰ ਦਿੱਤੀਆਂ। ਮੂੰਗਫਲੀ ਵੀ ਇਸ ਬਦਲਾਅ ਦੀ ਭੇਟ ਚੜ੍ਹ ਗਈ। ਖੇਤੀ ਮਾਹਿਰਾਂ ਅਨੁਸਾਰ ਮੂੰਗਫਲੀ ਦੀ ਖੇਤੀ ਘੱਟ ਹੋਣ ਦੇ ਪਿੱਛੇ ਸਭ ਤੋਂ ਵੱਡੇ ਕਾਰਨ ਮੰਡੀਕਰਨ ਦੀ ਕਮੀ, ਮਸ਼ੀਨੀਕਰਨ ਦੀ ਘੱਟ ਸਹੂਲਤ ਤੇ ਉਚਿਤ ਭਾਅ ਨਾ ਮਿਲਣਾ ਰਹੇ। ਜਿੱਥੇ ਇਕ ਪਾਸੇ ਝੋਨਾ ਹਰ ਸਾਲ ਪੱਕੀ ਖਰੀਦ ਦੇ ਭਰੋਸੇ ਨਾਲ ਖੜ੍ਹਾ ਸੀ, ਉੱਥੇ ਮੂੰਗਫਲੀ ਦਾ ਕਿਸਾਨ ਬਾਜ਼ਾਰ ਦੀ ਮਾਰ ਨਾਲ ਇਕੱਲਾ ਰਹਿ ਗਿਆ।



# ਵੱਧ ਝਾੜ ਅਤੇ ਪਾਣੀ ਦੀ ਬੱਚਤ ਲਈ
# ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਅਪਣਾਉ

ਬੂਟਾ ਸਿੰਘ ਢਿੱਲੋਂ ਅਤੇ ਰਣਵੀਰ ਸਿੰਘ ਗਿੱਲ, ਝੋਨਾ ਸੈਕਸ਼ਨ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ
(ਮੋ. 81461-00360)

ਪੰਜਾਬ ਵਿੱਚ ਪਾਣੀ ਦੇ ਡਿੱਗਦੇ ਪੱਧਰ ਲਈ ਝੋਨੇ ਦੀ ਕਾਸ਼ਤ ਵਿੱਚ ਪਾਣੀ ਦੀ ਵਧੇਰੇ ਲੋੜ ਤੋਂ ਇਲਾਵਾ ਝੋਨੇ ਦੇ ਰਕਬੇ ਵਿੱਚ ਲਗਾਤਾਰ ਵਾਧਾ (1961 ਵਿੱਚ 3 ਲੱਖ ਹੈਕਟੇਅਰ ਤੋਂ 2025 ਵਿੱਚ ਵੱਧ ਕੇ 32.4 ਲੱਖ ਹੈਕਟੇਅਰ ਹੋਣਾ), ਮਾਨਸੂਨ ਦੀ ਘੱਟਦੀ ਵਰਖਾ ਅਤੇ ਟਿਊਬਵੈੱਲ ਸਿੰਚਾਈ ਉੱਤੇ ਵਧਦੀ ਨਿਰਭਰਤਾ ਜ਼ਿੰਮੇਵਾਰ ਹਨ । ਪਿਛਲੇ 25 ਸਾਲਾਂ ਵਿੱਚ, ਕਾਫ਼ੀ ਅਨਿਸ਼ਚਤਾ ਦੇਖੀ ਗਈ ਅਤੇ ਬਾਰਿਸ਼ ਵੀ ਘੱਟ ਹੀ ਰਹੀ । ਇਸ ਤਰ੍ਹਾਂ, ਮੌਸਮੀ ਤਬਦੀਲੀ ਨੇ ਧਰਤੀ ਹੇਠਲੇ ਪਾਣੀ ਦੀ ਘਾਟ ਨੂੰ ਹੋਰ ਵੀ ਗੰਭੀਰ ਬਣਾਇਆ ਹੈ । ਇਸ ਸਥਿਤੀ ਨੂੰ ਸੰਭਾਲਣ ਵਿੱਚ ਫ਼ਸਲੀ ਵਿਭਿੰਨਤਾ ਤੋਂ ਇਲਾਵਾ, ਝੋਨੇ ਵਿੱਚ ਪਾਣੀ ਦੀ ਬੱਚਤ ਵਾਲੀਆਂ ਤਕਨੀਕਾਂ ਦੀ ਵਰਤੋਂ ਵੀ ਮੱਦਦਗਾਰ ਹੈ । ਲੁਆਈ ਦਾ ਢੁੱਕਵਾਂ ਸਮਾਂ ਇੱਕ ਮਹੱਤਵਪੂਰਨ ਗੈਰ-ਰੋਕੜ ਕਾਸ਼ਤਕਾਰੀ ਢੰਗ ਹੈ, ਜੋ ਝਾੜ ਵਧਾਉਣ ਦੇ ਨਾਲ-ਨਾਲ ਪਾਣੀ ਦੀ ਬੱਚਤ ਅਤੇ ਕੀੜੇ-ਮਕੌੜੇ ਅਤੇ ਬਿਮਾਰੀਆਂ ਦਾ ਹਮਲਾ ਘਟਾਉਣ ਵਿੱਚ ਸਹਾਈ ਹੁੰਦਾ ਹੈ । ਝੋਨੇ ਦੀ ਲੁਆਈ ਦੇ ਸਮੇਂ ਦਾ ਝਾੜ, ਸਿੰਚਾਈ ਵਾਲੇ ਪਾਣੀ ਦੀ ਵਰਤੋਂ, ਮਿਲਿੰਗ ਕੁਆਲਟੀ ਅਤੇ ਕੀੜੇ/ਬਿਮਾਰੀਆਂ ਉੱਪਰ ਪ੍ਰਭਾਵ ਅਤੇ ਪਰਾਲੀ ਪ੍ਰਬੰਧਨ ਲਈ ਉਪਲੱਬਧ ਸਮੇਂ ਸੰਬੰਧੀ ਜਾਣਕਾਰੀ ਹੇਠਾਂ ਦਿੱਤੀ ਗਈ ਹੈ :

### ਝਾੜ, ਪਾਣੀ ਬੱਚਤ ਅਤੇ ਮਿਲਿੰਗ ਕੁਆਲਟੀ ਲਈ ਲੁਆਈ ਦਾ ਢੁੱਕਵਾਂ ਸਮਾਂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਿਸ਼ ਘੱਟ ਅਤੇ ਦਰਮਿਆਨੇ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਦੀ ਲੁਆਈ ਜੂਨ ਦੇ ਦੂਜੇ ਪੰਦਰਵਾੜੇ ਵਿੱਚ ਕਰਨ ਨਾਲ ਵਧੇਰੇ ਝਾੜ ਮਿਲਦਾ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਵਿਕਸਿਤ ਵੱਖ-ਵੱਖ ਕਿਸਮਾਂ ਨੂੰ ਤਰਤੀਬਵਾਰ ਅਪਨਾਉਣ ਨਾਲ ਝੋਨੇ ਦੀ ਬਿਜਾਈ ਨੂੰ ਜ਼ਿਆਦਾ ਸਮੇਂ ਵਿੱਚ ਵੰਡਿਆਂ ਜਾ ਸਕਦਾ ਹੈ । ਇਸ ਨਾਲ ਲੇਬਰ ਦੀ ਕਮੀ ਦੀ ਸਮੱਸਿਆ ਘਟੇਗੀ । ਇਹਨਾਂ ਉੱਨਤ ਕਿਸਮਾਂ ਸੰਬੰਧੀ ਵੇਰਵਾ ਸਾਰਣੀ ਵਿੱਚ ਦਿੱਤਾ ਗਿਆ ਹੈ । ਝੋਨੇ ਦੀ ਲੁਆਈ ਦੀਆਂ ਵੱਖ-ਵੱਖ ਤਰੀਖਾਂ ਦੇ ਪ੍ਰਯੋਗਾਂ ਨੇ ਦਰਸਾਇਆ ਕਿ ਢੁੱਕਵੇਂ ਸਮੇਂ ਤੇ ਝੋਨੇ ਦੀ ਲੁਆਈ ਨਾਲ ਪਾਣੀ ਦੀ ਕਾਫ਼ੀ ਬਚਤ ਹੁੰਦੀ ਹੈ । ਅਗੇਤੀ ਲੁਆਈ ਵਿੱਚ ਜ਼ਿਆਦਾ ਵਾਸ਼ਪੀਕਰਨ ਦਰ ਕਾਰਨ ਪਾਣੀ ਦੀ ਵਰਤੋਂ ਜ਼ਿਆਦਾ ਹੁੰਦੀ ਹੈ । ਮਾਨਸੂਨ ਦੀ ਆਮਦ ਅਤੇ ਝੋਨੇ ਦੀ ਲੁਆਈ ਵਿਚਕਾਰ ਘੱਟ ਵਕਫ਼ਾ ਹੋਣ ਨਾਲ ਪਾਣੀ ਦੀ ਬੱਚਤ ਹੁੰਦੀ ਹੈ । ਦਰਮਿਆਨੇ ਸਮੇਂ ਵਾਲੀਆਂ ਕਿਸਮਾਂ 25 ਜੂਨ ਦੀ ਲੁਆਈ ਤੇ ਵਧੀਆ ਝਾੜ ਦਿੰਦੀਆਂ ਹਨ । ਘੱਟ ਸਮੇਂ ਵਾਲੀ ਕਿਸਮ, ਪੀ ਆਰ 126 ਜੁਲਾਈ ਵਿੱਚ ਲਗਾਉਣ ਤੇ ਹੋਰ ਵੀ ਚੰਗੀ ਉਪਜ ਦਿੰਦੀ ਹੈ ਅਤੇ 8.1-19.4% ਤੱਕ ਪਾਣੀ ਦੀ ਬੱਚਤ ਹੁੰਦੀ ਹੈ । ਪੀ ਆਰ 126 ਵਿੱਚ ਸਾਬਤ ਚੌਲਾਂ ਦੀ ਮਾਤਰਾ ਵੀ ਜੂਨ ਦੇ ਅੰਤ ਤੋਂ ਜੁਲਾਈ ਦੇ ਅੱਧ ਤੱਕ ਵਧੀਆ ਰਹਿੰਦੀ ਹੈ, ਜਦਕਿ ਬਹੁਤ ਅਗੇਤੀ ਜਾਂ ਬਹੁਤ ਪਿਛੇਤੀ ਲੁਆਈ ਕਰਨ ਨਾਲ ਸਾਬਤ ਚੌਲਾਂ ਦੀ ਮਾਤਰਾ ਘੱਟ ਜਾਂਦੀ ਹੈ । ਪੀ ਆਰ 132 ਨੂੰ ਦੂਜੀਆਂ ਕਿਸਮਾਂ ਦੇ ਮੁਕਾਬਲੇ ਇੱਕ ਚੌਥਾਈ ਘੱਟ ਯੂਰੀਆ (1.5 ਥੈਲਾ ਯੂਰੀਆ ਪ੍ਰਤੀ ਏਕੜ) ਪਾਉ । ਨੀਮ ਪਹਾੜੀ ਇਲਾਕਿਆਂ ਵਿੱਚ ਪੀ ਆਰ 131 ਦੀ ਕਾਸ਼ਤ ਤੋਂ ਗੁਰੇਜ਼ ਕਰੋ । ਪੀ ਆਰ 114 ਅਤੇ ਐਚ ਕੇ ਆਰ 47 ਸੇਲਾ ਚੌਲਾਂ ਲਈ ਢੁੱਕਵੀਆਂ ਹਨ । ਬਹੁ-ਫ਼ਸਲੀ ਚੱਕਰ ਲਈ ਪੀ ਆਰ 126 ਅਪਣਾਉ ਅਤੇ ਇਸ ਵਿੱਚ ਯੂਰੀਆ ਖਾਦ ਦੀ ਵਰਤੋਂ ਲੁਆਈ ਤੋਂ 35 ਦਿਨਾਂ ਵਿੱਚ ਪੂਰੀ ਕਰੋ । 15 ਜੁਲਾਈ ਤੋਂ ਬਾਅਦ ਪੀ ਆਰ 126 ਦੀ ਲੁਆਈ ਨਾ ਕਰੋ ।

**ਸਾਰਣੀ : ਝੋਨੇ ਦੀਆਂ ਸਿਫ਼ਾਰਸ਼ ਕਿਸਮਾਂ ਦਾ ਵੇਰਵਾ**

| ਕਿਸਮ | ਬਿਜਾਈ ਦਾ ਸਮਾਂ ਅਤੇ ਪਨੀਰੀ ਦੀ ਸਹੀ ਉਮਰ | ਔਸਤ ਝਾੜ (ਰੁ./ਏਕੜ) | ਪੱਕਣ ਲਈ ਸਮਾਂ (ਲੁਆਈ ਤੋਂ ਬਾਅਦ) |
|---|---|---|---|
| ਪੀ.ਆਰ.133 | 20-25 ਮਈ (30-35 ਦਿਨ) | 30.5 | 111 |
| ਪੀ.ਆਰ.132 | | 31.5 | 111 |
| ਪੀ.ਆਰ.131 | | 31.0 | 110 |
| ਪੀ.ਆਰ.129 | | 30.0 | 108 |
| ਪੀ.ਆਰ.128 | | 30.5 | 111 |
| ਪੀ.ਆਰ.122 | | 31.5 | 117 |
| ਪੀ.ਆਰ.121 | | 30.5 | 110 |
| ਪੀ.ਆਰ.114 | | 27.5 | 115 |
| ਪੀ.ਆਰ.113 | | 28.0 | 112 |
| ਪੀ.ਆਰ.130 | 25-31 ਮਈ (30-35 ਦਿਨ) | 30.0 | 105 |
| ਐਚ ਕੇ ਆਰ-47 | | 29.5 | 104 |
| ਪੀ.ਆਰ.127 | | 30.0 | 107 |
| ਪੀ.ਆਰ.126 | 25 ਮਈ-20 ਜੂਨ (25-30 ਦਿਨ) | 30.0 | 93 |

### ਕੀੜੇ ਅਤੇ ਬਿਮਾਰੀਆਂ 'ਤੇ ਲੁਆਈ ਦੇ ਸਮੇਂ ਦਾ ਪ੍ਰਭਾਵ

ਝੋਨੇ ਦੀ ਲੁਆਈ ਅਗੇਤੀ ਸ਼ੁਰੂ ਹੋਣ ਕਰਕੇ ਕੀੜੇ-ਮਕੌੜਿਆਂ ਦੀਆਂ ਜ਼ਿਆਦਾ ਪੀੜ੍ਹੀਆਂ ਬਣਦੀਆਂ ਹਨ । ਇਹ ਸਥਿਤੀ ਪੀ.ਏ.ਯੂ., ਲੁਧਿਆਣਾ ਵਿਖੇ ਵੱਖ-ਵੱਖ ਅਧਿਐਨਾਂ ਵਿੱਚ ਝੋਨੇ ਦੀਆਂ ਗੋਭ ਦੀਆਂ ਸੁੰਡੀਆਂ (ਪੀਲੀ, ਚਿੱਟੀ ਅਤੇ ਗੁਲਾਬੀ) ਲਈ ਦੇਖੀ ਗਈ ਹੈ । ਗੋਭ ਦੀਆਂ ਸੁੰਡੀਆਂ ਅਤੇ ਭੂਰੇ ਟਿੱਡਿਆਂ ਦੀ ਜ਼ਿਆਦਾ ਅਬਾਦੀ ਬਾਸਮਤੀ ਦੀ ਫ਼ਸਲ ਲਈ ਗੰਭੀਰ ਖ਼ਤਰਾ ਪੈਦਾ ਕਰੇਗੀ ਕਿਉਂਕਿ ਇਹਨਾਂ ਦੀ ਰੋਕਥਾਮ ਲਈ ਕੀਟਨਾਸ਼ਕਾਂ ਦੀ ਪਿਛੇਤੀ ਵਰਤੋਂ ਕਰਕੇ ਕੀਟਨਾਸ਼ਕਾਂ ਦੀ ਰਹਿੰਦ ਖੂੰਹਦ ਦੀਆਂ ਸੀਮਾਵਾਂ ਕਾਰਨ ਬਾਸਮਤੀ ਚਾਵਲ ਦੀ ਬਰਾਮਦ ਨੂੰ ਕਮਜ਼ੋਰ ਕਰਨ ਨਾਲ ਕਿਸਾਨੀ ਨੂੰ ਭਾਰੀ ਨੁਕਸਾਨ ਕਰੇਗਾ । ਝੋਨੇ ਦੀ ਫ਼ਸਲ 'ਤੇ ਕੀੜੇ ਦਾ ਵਾਧਾ ਆਉਣ ਵਾਲੀ ਕਣਕ ਦੀ ਫ਼ਸਲ ਲਈ ਵੀ ਖ਼ਤਰਾ ਸਾਬਤ ਹੋ ਸਕਦਾ ਹੈ ਜਿਵੇਂ ਕਿ ਸਾਲ 2019 ਦੌਰਾਨ ਝੋਨੇ ਦੀ ਫ਼ਸਲ ਤੋਂ ਬਾਅਦ ਗੁਲਾਬੀ ਸੁੰਡੀ ਦੇ ਮਾਮਲੇ ਵਿੱਚ ਹੋਇਆ ਸੀ । ਇਸ ਤੋਂ ਇਲਾਵਾ ਅਗੇਤੀ ਲੁਆਈ ਵਾਲੇ ਝੋਨੇ ਵਿੱਚ ਝੋਨੇ ਦੀ ਝੂਠੀ ਕਾਂਗਿਆਰੀ ਅਤੇ ਤਣੇ ਦੁਆਲੇ ਪੱਤੇ ਦੇ ਝੁਲਸ ਰੋਗ ਦਾ ਹਮਲਾ ਵੀ ਵਧੇਰੇ ਹੁੰਦਾ ਹੈ ।

### ਝੋਨੇ ਦਾ ਮਧਰਾ ਰੋਗ (ਸਾਊਦਰਨ ਬਲੈਕ ਸਟ੍ਰੀਕਡ ਡਵਾਰਫ ਵਾਇਰਸ)

ਝੋਨੇ ਦੀ ਫ਼ਸਲ ਉਪਰ 2022 ਅਤੇ 2025 ਵਿੱਚ ਨਵੇਂ ਵਾਇਰਸ ਦਾ ਹਮਲਾ ਦੇਖਿਆ ਗਿਆ । ਆਮ ਤੌਰ ਤੇ ਇਹ ਬਿਮਾਰੀ ਅਗੇਤੀ ਲੁਆਈ ਵਿੱਚ ਜ਼ਿਆਦਾ ਗੰਭੀਰ ਪਾਈ ਗਈ । ਇਸ ਲਈ 20-25 ਮਈ ਤੋਂ ਪਹਿਲਾਂ ਨਰਸਰੀ ਅਤੇ 20-25 ਜੂਨ ਤੋਂ ਪਹਿਲਾਂ ਝੋਨੇ ਦੀ ਲੁਆਈ ਤੋਂ ਗੁਰੇਜ਼ ਕੀਤਾ ਜਾਵੇ ।


### ਪਰਾਲੀ ਪ੍ਰਬੰਧਨ ਲਈ ਸਮਾਂ

ਘੱਟ ਸਮੇਂ ਵਾਲੀਆਂ ਕਿਸਮਾਂ ਝੋਨੇ ਦੀ ਵਾਢੀ ਅਤੇ ਹਾੜ੍ਹੀ ਦੀ ਫ਼ਸਲ ਦੀ ਬਿਜਾਈ ਵਿਚਕਾਰ ਜ਼ਿਆਦਾ ਸਮਾਂ ਦਿੰਦੀਆਂ ਹਨ ਅਤੇ ਇਹਨਾਂ ਕਿਸਮਾਂ ਦੀ ਪਰਾਲੀ ਦੀ ਮਾਤਰਾ ਵੀ ਘੱਟ ਹੁੰਦੀ ਹੈ । ਪੀ ਆਰ 126 ਵਿੱਚ 25-40 ਦਿਨ ਦਾ ਸਮਾਂ ਮਿਲਦਾ ਹੈ, ਜਦਕਿ ਲੰਬਾ ਸਮਾਂ ਲੈਣ ਵਾਲੀ ਕਿਸਮ ਪੂਸਾ 44 ਵਿੱਚ ਇਹ ਕੇਵਲ 0-5 ਦਿਨ ਹੁੰਦਾ ਹੈ ।

ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਸਪਤਾਹਿਕ
ਪਟਿਆਲਾ
ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



12 ਨਹੀਂ 24 ਨਹੀਂ
ਹਰ ਹਫਤੇ ਪ੍ਰਕਾਸ਼ਿਤ ਹੋਣ ਵਾਲਾ 52 ਅੰਕ



# ਭਿਆਨਕ ਗਰਮੀ - ਪੁਰਾਣੇ ਉਪਾਅ ਹੀ ਕਾਰਗਰ

**ਵਿਨੀਤ ਨਾਰਾਇਣ**

ਪਿਛਲੇ ਕੁਝ ਸਮੇਂ ਤੋਂ ਮੌਸਮ ਵਿਗਿਆਨੀਆਂ ਦੇ ਹਵਾਲੇ ਨਾਲ ਇਹ ਖ਼ਬਰ ਆ ਰਹੀ ਹੈ ਕਿ ਇਸ ਸਾਲ ਭਿਆਨਕ ਗਰਮੀ ਪੈਣ ਵਾਲੀ ਹੈ। ਇਸ ਖ਼ਬਰ ਨਾਲ ਸਭ ਤੋਂ ਵੱਧ ਚਿੰਤਾ ਖੇਤੀ ਵਿਗਿਆਨੀਆਂ ਅਤੇ ਕਿਸਾਨਾਂ ਨੂੰ ਹੈ। ਅਜਿਹੀਆਂ ਭਵਿੱਖਬਾਣੀਆਂ ਕੀਤੀਆਂ ਜਾ ਰਹੀਆਂ ਹਨ ਕਿ ਇਸ ਸਾਲ ਵੀ ਗਰਮੀ (ਭਿਆਨਕ) ਰੂਪ ਧਾਰਨ ਕਰ ਲਵੇਗੀ, ਜਿਸ ਨਾਲ ਸੋਕੇ ਵਰਗੇ ਹਾਲਾਤ ਪੈਦਾ ਹੋ ਸਕਦੇ ਹਨ। ਖ਼ਰੀਫ਼ ਦੀ ਫ਼ਸਲ 'ਤੇ ਤਾਂ ਇਸ ਦਾ ਬੁਰਾ ਅਸਰ ਪਵੇਗਾ ਹੀ, ਹਾੜ੍ਹੀ ਦੀ ਉਪਜ 'ਤੇ ਵੀ ਉਲਟਾ ਪ੍ਰਭਾਵ ਪੈ ਸਕਦਾ ਹੈ। ਅਮਰੀਕਾ ਅਤੇ ਇਰਾਨ ਯੁੱਧ ਦੇ ਕਾਰਨ ਪਹਿਲਾਂ ਹੀ ਊਰਜਾ ਸਾਧਨਾਂ 'ਤੇ ਮਹਿੰਗਾਈ ਦਾ ਅਸਰ ਦਿਖਣ ਲੱਗਾ ਹੈ ਅਤੇ ਜੇਕਰ ਗਰਮੀ ਨੇ ਵੀ ਆਪਣਾ ਅਸਰ ਦਿਖਾਇਆ ਤਾਂ ਹਾਲਾਤ ਬੇਕਾਬੂ ਹੋ ਸਕਦੇ ਹਨ।

ਵਿਗਿਆਨੀਆਂ ਦਾ ਮੰਨਣਾ ਹੈ ਕਿ ਇਸ ਵਧਦੀ ਗਰਮੀ ਕਾਰਨ ਕਣਕ ਦੀ ਪੈਦਾਵਾਰ ਕਾਫ਼ੀ ਘੱਟ ਰਹੇਗੀ। ਇਸ ਦੇ ਨਾਲ ਹੀ ਫਲਾਂ ਅਤੇ ਸਬਜ਼ੀਆਂ ਦੇ ਉਤਪਾਦਨ 'ਤੇ ਵੀ ਉਲਟਾ ਪ੍ਰਭਾਵ ਪਵੇਗਾ। ਨਤੀਜੇ ਵਜੋਂ ਖਾਣ-ਪੀਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਕਾਫ਼ੀ ਵਾਧਾ ਹੋਣ ਦੀ ਸੰਭਾਵਨਾ ਹੈ। ਕਿੰਨਾ ਅਸਰ ਹੋਵੇਗਾ, ਇਹ ਤਾਂ ਆਉਣ ਵਾਲੇ ਸਮੇਂ ਵਿੱਚ ਹੀ ਪਤਾ ਲੱਗ ਸਕੇਗਾ।



ਦਰਅਸਲ ਗਰਮੀ ਵਧਣ ਦਾ ਇਕ ਮੁਖ ਕਾਰਨ ਸਰਦੀਆਂ ਵਿੱਚ ਹੋਣ ਵਾਲੀ ਬਾਰਸ਼ ਦਾ ਲਗਾਤਾਰ ਘਟਦੇ ਜਾਣਾ ਹੈ। ਮੌਸਮ ਵਿਗਿਆਨੀਆਂ ਅਨੁਸਾਰ ਦਸੰਬਰ, ਜਨਵਰੀ ਅਤੇ ਫਰਵਰੀ ਵਿੱਚ ਔਸਤ ਤਾਪਮਾਨ ਇਕ ਜਾਂ ਦੋ ਡਿਗਰੀ ਵੱਧ ਦਰਜ ਕੀਤਾ ਗਿਆ ਹੈ। ਇੰਨਾ ਕੁ ਤਾਪਮਾਨ ਵਧਣ ਨਾਲ ਬਰਾਸ਼ ਦੀ ਮਾਤਰਾ ਘਟ ਗਈ ਹੈ।

ਇਹ ਤਾਂ ਰਹੀ ਖੇਤੀ ਉਤਪਾਦਾਂ ਦੀ ਗੱਲ, ਪਰ ਜੇਕਰ ਸ਼ਹਿਰੀ ਜੀਵਨ ਨੂੰ ਦੇਖੀਏ ਤਾਂ ਇਹ ਸਮੱਸਿਆ ਹੋਰ ਵੀ ਵੱਡਾ ਭਿਆਨਕ ਰੂਪ ਧਾਰਨ ਕਰਨ ਜਾ ਰਹੀ ਹੈ। ਸਾਡਾ ਤਜ਼ਰਬਾ ਹੈ ਕਿ ਗਰਮੀਆਂ ਵਿੱਚ ਜਦੋਂ ਤਾਲਾਬ-ਟੋਭੇ ਸੁੱਕ ਜਾਂਦੇ ਹਨ ਅਤੇ ਨਦੀਆਂ ਵਿੱਚ ਵੀ ਪਾਣੀ ਦੀ ਆਮਦ ਘਟ ਜਾਂਦੀ ਹੈ, ਤਾਂ ਸਿੰਚਾਈ ਤੋਂ ਇਲਾਵਾ ਆਮ ਜਨ-ਜੀਵਨ ਵਿੱਚ ਵੀ ਪਾਣੀ ਦਾ ਸੰਕਟ ਡੂੰਘਾ ਹੋ ਜਾਂਦਾ ਹੈ। ਨਗਰ ਪਾਲਿਕਾਵਾਂ ਲੋੜ ਮੁਤਾਬਕ ਪਾਣੀ ਦੀ ਸਪਲਾਈ ਨਹੀਂ ਕਰ ਪਾਉਂਦੀਆਂ। ਇਸ ਲਈ ਗਰੀਬ ਅਤੇ ਕਮਜ਼ੋਰ ਵਰਗ ਦੀਆਂ ਬਸਤੀਆਂ ਵਿੱਚ ਅਕਸਰ ਜਨਤਕ ਟੂਟੀਆਂ 'ਤੇ ਝਗੜੇ ਹੁੰਦੇ ਦੇਖੇ ਜਾਂਦੇ ਹਨ। ਨਲਾਂ ਵਿੱਚ ਪਾਣੀ ਬਹੁਤ ਘੱਟ ਸਮੇਂ ਲਈ ਆਉਂਦਾ ਹੈ।

ਮੱਧ ਵਰਗੀ ਪਰਿਵਾਰਾਂ ਨੂੰ ਵੀ ਆਪਣੀਆਂ ਲੋੜਾਂ ਮੁਤਾਬਕ ਪਾਣੀ ਇਕੱਠਾ ਕਰਨ ਲਈ ਕਾਫ਼ੀ ਮੁਸ਼ੱਕਤ ਕਰਨੀ ਪੈਂਦੀ ਹੈ। ਰਾਜਨੇਤਾਵਾਂ, ਅਧਿਕਾਰੀਆਂ ਅਤੇ ਅਮੀਰ ਲੋਕਾਂ ਨੂੰ ਇਨ੍ਹਾਂ ਉਲਟ ਹਾਲਾਤਾਂ ਵਿੱਚ ਵੀ ਪਾਣੀ ਦੇ ਸੰਕਟ ਦਾ ਸਾਹਮਣਾ ਨਹੀਂ ਕਰਨਾ ਪੈਂਦਾ, ਕਿਉਂਕਿ ਇਹ ਲੋਕ ਸਭ ਨਾਲੋਂ ਕਈ ਗੁਣਾ ਵੱਧ ਪਾਣੀ ਜਮ੍ਹਾਂ ਕਰ ਲੈਂਦੇ ਹਨ। ਅਸਲੀ ਮਾਰ ਤਾਂ ਆਮ ਲੋਕਾਂ 'ਤੇ ਪੈਂਦੀ ਹੈ।

ਭਿਆਨਕ ਗਰਮੀ ਪੈਣ ਦੇ ਨਾਲ ਹੀ ਲੋਕ ਕੂਲਰ ਜਾਂ ਏਅਰ ਕੰਡੀਸ਼ਨਰ (ਏ. ਸੀ.) ਵੱਲ ਭੱਜਦੇ ਹਨ। ਇਸ ਨਾਲ ਪਾਣੀ ਅਤੇ ਬਿਜਲੀ ਦੋਵਾਂ ਦਾ ਸੰਕਟ ਵਧ ਜਾਂਦਾ ਹੈ। ਹਾਈਡਰੋ ਪਾਵਰ ਪਲਾਂਟਾਂ ਵਿੱਚ ਪਾਣੀ ਦੀ ਸਪਲਾਈ ਦੀ ਮਾਤਰਾ ਘਟਣ ਨਾਲ ਬਿਜਲੀ ਦਾ ਉਤਪਾਦਨ ਡਿੱਗਣ ਲੱਗਦਾ ਹੈ। ਜਿਵੇਂ-ਜਿਵੇਂ ਸਮਾਜ ਰਵਾਇਤੀ ਤਰੀਕਿਆਂ ਨੂੰ ਛੱਡ ਕੇ ਬਿਜਲੀ ਨਾਲ ਚੱਲਣ ਵਾਲੇ ਉਪਕਰਨਾਂ ਵੱਲ ਵਧ ਰਿਹਾ ਹੈ, ਤਿਵੇਂ-ਤਿਵੇਂ ਵਾਤਾਵਰਨ ਹੋਰ ਵੀ ਗਰਮ ਹੁੰਦਾ ਜਾ ਰਿਹਾ ਹੈ।

ਏਅਰ ਕੰਡੀਸ਼ਨਰਾਂ ਵਿੱਚੋਂ ਨਿਕਲਣ ਵਾਲੀ ਗਰਮ ਹਵਾ ਵੀ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਅਤੇ ਗਰਮੀ ਵਧਾਉਣ ਦਾ ਕੰਮ ਕਰ ਰਹੀ ਹੈ। 1974-76 ਦੇ ਦਰਮਿਆਨ ਮੈਂ ਇਕ ਵਾਲੰਟੀਅਰ ਵਜੋਂ ਮੁਰਾਦਾਬਾਦ ਦੇ ਨੇੜੇ ਅਮਰਪੁਰ ਕਾਸ਼ੀ ਪਿੰਡ ਵਿੱਚ ਸਮਾਜ ਸੇਵਾ ਦੀ ਭਾਵਨਾ ਨਾਲ ਕਾਫ਼ੀ ਸਮਾਂ ਰਿਹਾ। ਇਸ ਦੌਰਾਨ ਹਰ ਮੌਸਮ ਵਿੱਚ ਪਿੰਡ ਦੇ ਜੀਵਨ ਨੂੰ ਜੀਵਿਆ। ਮੈਨੂੰ ਯਾਦ ਹੈ ਕਿ ਮਈ-ਜੂਨ ਦੀ ਤਪਦੀ ਗਰਮੀ ਅਤੇ ਲੂ ਦੇ ਬਾਵਜੂਦ ਅਸੀਂ ਸਾਰੇ ਵਾਲੰਟੀਅਰ ਦੁਪਹਿਰ ਵੇਲੇ ਖੁੱਲ੍ਹੇ ਦਾਲਾਨ ਵਿੱਚ ਨਿੰਮ ਦੇ ਰੁੱਖ ਦੀ ਛਾਂ ਹੇਠ ਸੌਂਦੇ ਸੀ। ਉਦੋਂ ਉਹ ਛਾਂ ਹੀ ਕਾਫ਼ੀ ਠੰਢੀ ਲੱਗਦੀ ਸੀ। ਗਰਮ ਲੂੰ ਜਦੋਂ ਪਸੀਨਾ ਸੁਕਾਉਂਦੀ ਸੀ, ਤਾਂ ਸਰੀਰ ਵਿੱਚ ਠੰਢਕ ਮਹਿਸੂਸ ਹੁੰਦੀ ਸੀ। ਇਸੇ ਤਰ੍ਹਾਂ ਰਾਤ ਨੂੰ ਛੱਤ 'ਤੇ ਪਾਣੀ ਛਿੜਕ ਕੇ ਸਾਰੇ ਸੌਂ ਜਾਂਦੇ ਸਨ। ਰਾਤ ਦੇ ਗਿਆਰਾਂ-ਬਾਰਾਂ ਵਜੇ ਤੱਕ ਤਾਂ ਗਰਮ ਹਵਾ ਚੱਲਦੀ ਸੀ, ਫਿਰ ਧਰਤੀ ਦੀ ਤਪਸ਼ ਖ਼ਤਮ ਹੋਣ ਤੋਂ ਬਾਅਦ ਠੰਢੀ ਹਵਾ ਚੱਲਣ ਲੱਗਦੀ ਸੀ।

ਸੂਰਜ ਚੜ੍ਹਨ ਵੇਲੇ ਦੀ ਹਵਾ ਤਾਂ ਇੰਨੀ ਫੁਰਤੀ ਦੇਣ ਵਾਲੀ ਹੁੰਦੀ ਸੀ ਕਿ ਪੂਰਾ ਸਰੀਰ ਨਵੀਂ ਊਰਜਾ ਨਾਲ ਭਰ ਜਾਂਦਾ ਸੀ। ਉੱਥੇ ਨਾ ਤਾਂ ਫਰਿੱਜ ਦਾ ਠੰਢਾ ਪਾਣੀ ਸੀ, ਨਾ ਕੋਈ ਹੋਰ ਇੰਤਜ਼ਾਮ, ਪਰ ਹੈਂਡਪੰਪ ਦਾ ਪਾਣੀ ਜਾਂ ਮਿੱਟੀ ਦੇ ਘੜੇ ਦਾ ਪਾਣੀ ਸ਼ੀਤਲਤਾ ਦੇ ਨਾਲ-ਨਾਲ ਇੱਕ ਖ਼ਾਸ ਸੁਗੰਧ ਵਾਲਾ ਹੁੰਦਾ ਸੀ ਜੋ ਸਰੀਰ ਲਈ ਵੀ ਗੁਣਕਾਰੀ ਹੁੰਦਾ ਸੀ, ਜਦਕਿ ਅੱਜ ਆਰ. ਓ. (RO) ਦੇ ਪਾਣੀ ਨੇ ਸਾਨੂੰ ਸਭ ਨੂੰ ਬਿਮਾਰ ਬਣਾ ਦਿੱਤਾ ਹੈ। ਆਰ. ਓ. ਦੀ ਮਸ਼ੀਨ ਪਾਣੀ ਦੇ ਸਾਰੇ ਕੁਦਰਤੀ ਗੁਣਾਂ ਨੂੰ ਨਸ਼ਟ ਕਰ ਦਿੰਦੀ ਹੈ। ਖੂਹ ਵਿੱਚੋਂ ਇੱਕ ਡੋਲ ਪਾਣੀ ਖਿੱਚ ਕੇ ਸਿਰ 'ਤੇ ਪਾਉਂਦੇ ਹੀ ਸਾਰੇ ਪਿੰਡ ਵਿੱਚ ਕੰਬਣੀ ਛਿੜ ਜਾਂਦੀ ਸੀ, ਜਿਸ ਨਾਲ ਦਿਨ ਭਰ ਦੇ ਕੰਮ ਦੀ ਸਾਰੀ ਥਕਾਵਟ ਪਲਾਂ ਵਿੱਚ ਦੂਰ ਹੋ ਜਾਂਦੀ ਸੀ।

ਅੱਜਕੱਲ੍ਹ ਹਰ ਵਿਅਕਤੀ, ਚਾਹੇ ਉਸ ਦੀ ਹੈਸੀਅਤ ਹੋਵੇ ਜਾਂ ਨਾ, ਸਰੀਰ ਨੂੰ ਨਕਲੀ ਤਰੀਕੇ ਨਾਲ ਠੰਢਾ ਰੱਖਣ ਵਾਲੇ ਉਪਕਰਨਾਂ ਨੂੰ ਖਰੀਦਣ ਦੀ ਇੱਛਾ ਰੱਖਦਾ ਹੈ। ਅਸੀਂ ਸਾਰੇ ਇਸ ਦੇ ਸ਼ਿਕਾਰ ਬਣ ਚੁੱਕੇ ਹਾਂ ਅਤੇ ਇਸ ਦਾ ਖ਼ਮਿਆਜ਼ਾ ਮੌਸਮ ਦੇ ਬਦਲੇ ਮਿਜ਼ਾਜ ਅਤੇ ਵਧਦੀ ਗਰਮੀ ਨੂੰ ਭੁੱਲ ਕੇ ਭੁਗਤ ਰਹੇ ਹਾਂ। ਇਸ ਆਧੁਨਿਕ ਦਿਨਚਰਿਆ ਦਾ ਬਹੁਤ ਬੁਰਾ ਪ੍ਰਭਾਵ ਸਾਡੇ ਸਰੀਰ 'ਤੇ ਪੈ ਰਿਹਾ ਹੈ। ਹਰ ਸ਼ਹਿਰ ਵਿੱਚ ਲਗਾਤਾਰ ਵਧ ਰਹੇ ਹਸਪਤਾਲ ਅਤੇ ਦਵਾਈਆਂ ਦੀਆਂ ਦੁਕਾਨਾਂ ਇਸ ਗੱਲ ਦਾ ਸਬੂਤ ਹਨ ਕਿ ਅਸੀਂ ਸਾਰੇ ਨਾਗਰਿਕ ਬਿਮਾਰੀਆਂ ਨਾਲ ਘਿਰਦੇ ਜਾ ਰਹੇ ਹਾਂ। ਨਾ ਤਾਂ ਸਾਨੂੰ ਆਪਣੇ ਭਵਿੱਖ ਦੀ ਚਿੰਤਾ ਹੈ ਅਤੇ ਨਾ ਹੀ ਸਰਕਾਰਾਂ ਨੂੰ। ਸਮੱਸਿਆਵਾਂ ਦਿਨੋਂ-ਦਿਨ ਸੁਲਝਣ ਦੀ ਬਜਾਏ ਉਲਝਦੀਆਂ ਜਾ ਰਹੀਆਂ ਹਨ।

ਦੂਜੇ ਪਾਸੇ ਹਰ ਵਾਤਾਵਰਨ ਪ੍ਰੇਮੀ ਮੰਨਦਾ ਹੈ ਕਿ ਰਵਾਇਤੀ ਜਲ ਸਰੋਤਾਂ ਨੂੰ ਸੁਧਾਰ ਕੇ, ਉਨ੍ਹਾਂ ਦੀ ਪਾਣੀ ਸੰਭਾਲਣ ਦੀ ਸਮਰੱਥਾ ਨੂੰ ਵਧਾ ਕੇ ਅਤੇ ਸੰਘਣੀ ਰੁੱਖਾਂ ਦੀ ਲੜੀ (ਜੰਗਲਾਤ) ਤਿਆਰ ਕਰਕੇ ਮੌਸਮ ਦੇ ਮਿਜ਼ਾਜ ਨੂੰ ਕੁਝ ਹੱਦ ਤੱਕ ਬਦਲਿਆ ਜਾ ਸਕਦਾ ਹੈ। ਪ੍ਰਧਾਨ ਮੰਤਰੀ ਮੋਦੀ ਦੀ 'ਜਲ ਸ਼ਕਤੀ ਮੁਹਿੰਮ' ਅਤੇ ਵਰ੍ਹਿਆਂ ਤੋਂ ਚਲੀ ਆ ਰਹੀ ਰੁੱਖ ਲਗਾਉਣ ਦੇ ਸਰਕਾਰੀ ਮੁਹਿੰਮ ਜੇਕਰ ਇਮਾਨਦਾਰੀ ਨਾਲ ਚਲਾਈ ਜਾਂਦੀ, ਤਾਂ ਦੇਸ਼ ਦੇ ਵਾਤਾਵਰਨ ਦੀ ਹਾਲਤ ਅੱਜ ਇੰਨੀ ਤਰਸਯੋਗ ਨਾ ਹੁੰਦੀ।

ਸਾਰੇ ਜਾਣਦੇ ਹਨ ਕਿ ਸਰਕਾਰ ਵੱਲੋਂ ਜਿੱਥੇ ਇੱਕ ਪਾਸੇ ਰੁੱਖ ਲਗਾਉਣ ਅਤੇ ਤਾਲਾਬ ਪੁੱਟਣ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਉੱਥੇ ਹੀ ਜ਼ਮੀਨੀ ਪੱਧਰ 'ਤੇ ਕਹਿਣੀ ਅਤੇ ਕਰਨੀ ਵਿੱਚ ਕਾਫ਼ੀ ਫ਼ਰਕ ਹੈ।

ਉਦਾਹਰਨ ਦੇ ਤੌਰ 'ਤੇ ਜਾਲੌਨ ਖੇਤਰ ਵਿੱਚ 400 ਛੋਟੇ ਬੰਨ੍ਹ ਬਣਾਏ ਗਏ ਸਨ। ਇਹਨਾਂ ਵਿੱਚੋਂ ਅੱਧੇ ਤੋਂ ਵੱਧ ਤਬਾਹ ਹੋ ਚੁੱਕੇ ਹਨ। ਲਲਿਤਪੁਰ ਜ਼ਿਲ੍ਹੇ ਵਿੱਚ ਪਾਣੀ ਦੀ ਸੰਭਾਲ ਲਈ ਤਿੰਨ ਕਰੋੜ ਰੁਪਏ ਨਾਲ ਚੱਲ ਰਿਹਾ ਕੰਮ ਬੇਕਾਰ ਹੋ ਚੁੱਕਾ ਹੈ। ਇਸੇ ਇਲਾਕੇ ਵਿੱਚ ਬਾਦਹਾ ਅਤੇ ਰਸਿਨ ਬੰਨ੍ਹ ਦੇ ਨਾਂ 'ਤੇ ਕਰੋੜਾਂ ਰੁਪਏ ਖ਼ਰਚ ਹੋਏ, ਪਰ ਇਹਨਾਂ ਦਾ ਵੀ ਨਤੀਜਾ ਜ਼ੀਰੋ ਹੀ ਰਿਹਾ। ਇਸ ਲਈ ਜੇਕਰ ਅਸੀਂ ਰਵਾਇਤੀ ਤਰੀਕਿਆਂ ਵੱਲ ਧਿਆਨ ਨਹੀਂ ਦੇਵਾਂਗੇ, ਤਾਂ ਅਜਿਹੇ ਸੰਕਟ ਆਉਂਦੇ ਹੀ ਰਹਿਣਗੇ।

# ਮੱਕੀ ਅਤੇ ਬਾਜਰੇ ਦੇ ਬਿਸਕੁਟ : ਪੋਸ਼ਣ ਦਾ ਸ਼ਕਤੀਸ਼ਾਲੀ ਖਜ਼ਾਨਾ

ਮੱਕੀ ਅਤੇ ਬਾਜਰਾ ਪੂਰੀ ਦੁਨੀਆਂ ਦੀਆਂ ਮਹੱਤਵਪੂਰਨ ਫ਼ਸਲਾਂ ਹਨ, ਜੋ ਆਪਣੀ ਉੱਚ ਪੈਦਾਵਾਰ ਅਤੇ ਬਿਹਤਰੀਨ ਪੋਸ਼ਣ ਕਾਰਨ ਵਿਸ਼ਵ ਪੱਧਰ 'ਤੇ ਜਾਣੀਆਂ ਜਾਂਦੀਆਂ ਹਨ। ਗਰਮੀਆਂ ਦੇ ਦਿਨਾਂ ਵਿੱਚ, ਮੈਦੇ ਵਾਲੇ ਬਿਸਕੁਟਾਂ ਦੀ ਬਜਾਏ ਮੱਕੀ ਅਤੇ ਬਾਜਰੇ ਦੇ ਪੌਸ਼ਟਿਕ ਬਿਸਕੁਟ ਨਾ ਸਿਰਫ਼ ਸਵਾਦ ਲੱਗਦੇ ਹਨ, ਸਗੋਂ ਸਿਹਤ ਲਈ ਵੀ ਫਾਇਦੇਮੰਦ ਹਨ, ਕਿਉਂਕਿ ਇਹ ਸਰੀਰ ਨੂੰ ਲੰਬੇ ਸਮੇਂ ਤੱਕ ਊਰਜਾ ਦਿੰਦੇ ਹਨ। ਮੱਕੀ ਅਤੇ ਬਾਜਰਾ ਕੁਦਰਤੀ ਤੌਰ 'ਤੇ ਗਲੂਟਨ-ਮੁਕਤ ਹੁੰਦੇ ਹਨ। ਮੱਕੀ ਵਿੱਚ ਵਿਟਾਮਿਨ-ਏ ਅਤੇ ਫਾਈਬਰ ਭਰਪੂਰ ਮਾਤਰਾ ਵਿੱਚ ਹੁੰਦਾ ਹੈ, ਜੋ ਅੱਖਾਂ ਅਤੇ ਪਾਚਨ ਲਈ ਲਾਹੇਵੰਦ ਹਨ। ਦੂਜੇ ਪਾਸੇ ਬਾਜਰਾ ਆਇਰਨ, ਕੈਲਸ਼ੀਅਮ ਅਤੇ ਮੈਗਨੀਸ਼ੀਅਮ ਦਾ ਭੰਡਾਰ ਹੈ।



## 1. ਮੱਕੀ ਦੇ ਪੌਸ਼ਟਿਕ ਬਿਸਕੁਟ

ਇਹ ਬਿਸਕੁਟ ਸਵਾਦ ਵਿੱਚ ਹਲਕੇ ਮਿੱਠੇ ਅਤੇ ਕੁਰਕੁਰੇ ਹੁੰਦੇ ਹਨ।

**ਸਮੱਗਰੀ :**

★ ਮੱਕੀ ਦਾ ਆਟਾ : 2 ਕੱਪ
★ ਦੇਸੀ ਘਿਓ ਜਾਂ ਮੱਖਣ : ½ ਕੱਪ
★ ਸੱਕਰ : ¾ ਕੱਪ
★ ਇਲਾਇਚੀ ਪਾਊਡਰ : 1 ਚਮਚ
★ ਦੁੱਧ : 2-3 ਚਮਚ (ਲੋੜ ਅਨੁਸਾਰ)
★ ਮਿੱਠਾ ਸੋਡਾ : ½ ਚਮਚ
★ ਬੇਕਿੰਗ ਪਾਊਡਰ : ½ ਚਮਚ
★ ਅਮੋਨੀਅਮ ਬਾਈਕਾਰਬੋਨੇਟ : ½ ਚਮਚ

**ਬਣਾਉਣ ਦੀ ਵਿਧੀ :**

★ ਇੱਕ ਵੱਡੇ ਭਾਂਡੇ ਵਿੱਚ ਘਿਓ ਅਤੇ ਸ਼ੱਕਰ ਨੂੰ ਉਦੋਂ ਤੱਕ ਫੈਂਟੋ ਜਦੋਂ ਤੱਕ ਉਹ ਮੁਲਾਇਮ ਹੋਣ ਤੋਂ ਬਾਅਦ ਫੁੱਲ ਜਾਵੇ।

★ ਹੁਣ ਇਸ ਵਿੱਚ ਮੱਕੀ ਦਾ ਆਟਾ, ਇਲਾਇਚੀ ਪਾਊਡਰ ਅਤੇ ਬੇਕਿੰਗ ਪਾਊਡਰ ਛਾਣ ਕੇ ਪਾਓ।

★ ਸਾਰੀਆਂ ਚੀਜ਼ਾਂ ਨੂੰ ਹੱਥਾਂ ਨਾਲ ਮਿਲਾਓ। ਜੇ ਮਿਸ਼ਰਣ ਸੁੱਕਾ ਲੱਗੇ ਤਾਂ ਥੋੜ੍ਹਾ ਜਿਹਾ ਦੁੱਧ ਪਾ ਕੇ ਨਰਮ ਆਟਾ ਗੁੰਨ ਲਓ (ਧਿਆਨ ਰਹੇ ਕਿ ਆਟਾ ਜ਼ਿਆਦਾ ਸਖ਼ਤ ਨਾ ਹੋਵੇ)।

★ ਆਟੇ ਦੀਆਂ ਛੋਟੀਆਂ ਗੋਲੀਆਂ/ਪੇੜੇ ਬਣਾ ਕੇ ਉਨ੍ਹਾਂ ਨੂੰ ਬਿਸਕੁਟ ਦਾ ਆਕਾਰ ਦਿਓ।

★ ਓਵਨ ਨੂੰ $180^{0}C$ 'ਤੇ ਪਹਿਲਾਂ ਗਰਮ ਕਰੋ ਅਤੇ ਬਿਸਕੁਟਾਂ ਨੂੰ 15-20 ਮਿੰਟ ਲਈ ਪਕਾਓ ਜਦੋਂ ਤੱਕ ਉਹ ਸੁਨਹਿਰੀ ਨਾ ਹੋ ਜਾਣ।

## 2. ਬਾਜਰੇ ਦੇ ਬਿਸਕੁਟ

ਬਾਜਰੇ ਦੇ ਬਿਸਕੁਟ ਸਰਦੀਆਂ ਦੇ ਮੌਸਮ ਵਿੱਚ ਸਰੀਰ ਨੂੰ ਗਰਮਾਹਟ ਅਤੇ ਊਰਜਾ ਦਿੰਦੇ ਹਨ।

**ਸਮੱਗਰੀ :**

★ ਬਾਜਰੇ ਦਾ ਆਟਾ : 2 ਕੱਪ
★ ਸ਼ੱਕਰ : ¾ ਕੱਪ
★ ਘਿਓ : ½ ਕੱਪ
★ ਦੁੱਧ : 2-3 ਚਮਚ (ਲੋੜ ਅਨੁਸਾਰ)
★ ਬੇਕਿੰਗ ਪਾਊਡਰ : ½ ਚਮਚ
★ ਅਮੋਨੀਅਮ ਬਾਈਕਾਰਬੋਨੇਟ : ½ ਚਮਚ
★ ਮਿੱਠਾ ਸੋਡਾ : ½ ਚਮਚ

**ਬਣਾਉਣ ਦੀ ਵਿਧੀ :**

★ ਇੱਕ ਵੱਡੇ ਭਾਂਡੇ ਵਿੱਚ ਘਿਓ ਅਤੇ ਸ਼ੱਕਰ ਨੂੰ ਉਦੋਂ ਤੱਕ ਫੈਂਟੋ ਜਦੋਂ ਤੱਕ ਉਹ ਮੁਲਾਇਮ ਹੋ ਕੇ ਫੁੱਲ ਜਾਵੇ।

★ ਹੁਣ ਇਸ ਵਿੱਚ ਬਾਜਰੇ ਦਾ ਆਟਾ, ਇਲਾਇਚੀ ਪਾਊਡਰ ਅਤੇ ਬੇਕਿੰਗ ਪਾਊਡਰ ਛਾਣ ਕੇ ਪਾਓ।

★ ਸਾਰੀਆਂ ਚੀਜ਼ਾਂ ਨੂੰ ਹੱਥਾਂ ਨਾਲ ਮਿਲਾਓ। ਜੇ ਮਿਸ਼ਰਣ ਸੁੱਕਾ ਲੱਗੇ ਤਾਂ ਥੋੜ੍ਹਾ ਜਿਹਾ ਦੁੱਧ ਪਾ ਕੇ ਨਰਮ ਆਟਾ ਗੁੰਨ ਲਓ (ਧਿਆਨ ਰਹੇ ਕਿ ਆਟਾ ਜ਼ਿਆਦਾ ਸਖ਼ਤ ਨਾ ਹੋਵੇ)।

★ ਆਟੇ ਦੀਆਂ ਛੋਟੀਆਂ ਗੋਲੀਆਂ/ਪੇੜੇ ਬਣਾ ਕੇ ਉਨ੍ਹਾਂ ਨੂੰ ਬਿਸਕੁਟ ਦਾ ਆਕਾਰ ਦਿਓ।

★ ਓਵਨ ਨੂੰ $170^{0}C$ 'ਤੇ ਪਹਿਲਾਂ ਗਰਮ ਕਰੋ ਅਤੇ ਬਿਸਕੁਟਾਂ ਨੂੰ 15-20 ਮਿੰਟ ਲਈ ਬੇਕ ਕਰੋ ਜਦੋਂ ਤੱਕ ਉਹ ਸੁਨਹਿਰੀ ਨਾ ਹੋ ਜਾਣ।

**ਰਜਿੰਦਰ ਕੌਰ ਅਤੇ ਪ੍ਰਦੀਪ ਕੁਮਾਰ, ਪੀਏਯੂ - ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ (ਮੋਬਾਇਲ : 62839-97411)**

# ਝੋਨੇ ਦੀ ਸਿੱਧੀ ਬਿਜਾਈ ਕਿਵੇਂ ਕਰੀਏ

ਜਸਵੀਰ ਸਿੰਘ ਗਿੱਲ ਅਤੇ ਮਨਪ੍ਰੀਤ ਸਿੰਘ, ਫ਼ਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98150-81578)



**ਬਿਜਾਈ ਲਈ 'ਲੱਕੀ ਸੀਡ ਡਰਿਲ' ਜਿਹੜੀ ਕਿ ਝੋਨੇ ਦੀ ਬਿਜਾਈ ਅਤੇ ਨਦੀਨ ਨਾਸ਼ਕ ਦੀ ਸਪਰੇਅ ਨਾਲੋਂ-ਨਾਲ ਕਰਦੀ ਹੈ, ਨੂੰ ਤਰਜੀਹ ਦਿਓ। ਪਹੀਆਂ ਵਾਲੀ (ਪ੍ਰੈਸ ਵੀਲ ਯੁਕਤ) ਲੱਕੀ ਸੀਡ ਡਰਿੱਲ ਨਾਲ ਬਿਜਾਈ ਕਰਨ ਤੇ ਕਰੰਡ ਦੀ ਸਮੱਸਿਆ ਬਹੁਤ ਘੱਟ ਆਉਂਦੀ ਹੈ, ਖੇਤ ਦੀ ਨਮੀਂ ਜ਼ਿਆਦਾ ਸਮੇਂ ਤਕ ਬਰਕਰਾਰ ਰਹਿੰਦੀ ਹੈ, ਬਿਜਾਈ ਸਮੇਂ ਬਣਨ ਵਾਲੀਆਂ ਡਲੀਆਂ/ਢੇਮਾਂ ਨੂੰ ਵੀ ਭੋਰ ਦਿੰਦੀ ਹੈ ਅਤੇ ਨਦੀਨਨਾਸ਼ਕਾਂ ਦੇ ਚੰਗੇ ਨਤੀਜੇ ਮਿਲਦੇ ਹਨ।**

**ਢੁੱਕਵੀਆਂ ਕਿਸਮਾਂ** : ਝੋਨੇ ਦੀ ਸਿੱਧੀ ਬਿਜਾਈ ਲਈ ਘੱਟ ਅਤੇ ਦਰਮਿਆਨਾ ਸਮਾਂ ਲੈ ਕੇ ਪੱਕਣ ਵਾਲੀਆਂ, ਸਾਰੀਆਂ ਸਿਫ਼ਾਰਸ਼ ਸ਼ੁਦਾ ਬਾਸਮਤੀ ਝੋਨੇ ਦੀ ਕਿਸਮਾਂ ਸਿੱਧੀ ਬਿਜਾਈ ਲਈ ਢੁੱਕਵੀਆਂ ਹਨ।

**ਬਿਜਾਈ ਦਾ ਸਹੀ ਸਮਾਂ** : ਜੂਨ ਦਾ ਪਹਿਲਾ ਪੰਦਰਵਾੜਾ (1 ਤੋਂ 15 ਜੂਨ) ਸਿੱਧੀ ਬਿਜਾਈ ਲਈ ਢੁੱਕਵਾਂ ਸਮਾਂ ਹੈ। ਘੱਟ ਸਮੇਂ ਵਿੱਚ ਪੱਕਣ ਵਾਲੀਆਂ



ਕਿਸਮਾਂ ਪੀ ਆਰ 126 ਅਤੇ ਪੂਸਾ ਬਾਸਮਤੀ 1509 ਦੀ ਬਿਜਾਈ ਜੂਨ ਦੇ ਦੂਜੇ ਪੰਦਰਵਾੜੇ (16 ਤੋਂ 30 ਜੂਨ) ਵਿੱਚ ਵੀ ਕੀਤੀ ਜਾ ਸਕਦੀ ਹੈ। ਜਿਨ੍ਹਾਂ ਕਿਸਾਨਾਂ ਨੇ ਝੋਨੇ ਤੋਂ ਬਾਅਦ ਆਲੂ, ਮਟਰ ਜਾਂ ਤੀਸਰੀ ਫ਼ਸਲ ਵਜੋਂ ਹੋਰ ਫ਼ਸਲਾਂ ਲੈਣੀਆਂ ਹਨ, ਉਹ ਘੱਟ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਆਰ 126 ਦੀ ਬਿਜਾਈ ਜੂਨ ਦੇ ਪਹਿਲੇ ਹਫ਼ਤੇ ਵੀ ਕਰ ਸਕਦੇ ਹਨ।

**ਬੀਜ ਦੀ ਮਾਤਰਾ ਅਤੇ ਸੋਧ** : ਇਕ ਏਕੜ ਵਿੱਚ ਝੋਨੇ ਦੀ ਸਿੱਧੀ ਬਿਜਾਈ ਲਈ 8-10 ਕਿਲੋ ਬੀਜ ਵਰਤੋਂ। ਬੀਜ ਨੂੰ 12 ਘੰਟਿਆਂ ਲਈ 2% ਪੋਟਾਸ਼ੀਅਮ ਨਾਈਟ੍ਰੇਟ ਦੇ ਘੋਲ (ਇੱਕ ਏਕੜ ਬੀਜ ਲਈ 200 ਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ 10 ਲੀਟਰ ਪਾਣੀ ਵਿੱਚ) ਵਿੱਚ ਭਿਓਂ ਕੇ, ਛਾਵੇਂ ਸੁਕਾ ਕੇ, 3 ਗ੍ਰਾਮ ਸਪਰਿੰਟ 75 ਡਬਲਯੂ ਐਸ (ਮੈਨਕੋਜ਼ੈਬ + ਕਾਰਬੈਂਡਾਜ਼ਿਮ) ਨੂੰ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ 10-12 ਮਿਲੀਲੀਟਰ ਪਾਣੀ ਵਿੱਚ ਮਿਲਾ ਕੇ ਸੋਧ ਲਵੋ। ਬੀਜ ਨੂੰ ਸੋਧ ਕੇ ਬੀਜਣ ਨਾਲ ਬੀਜ ਅਤੇ ਜ਼ਮੀਨ ਵਿੱਚੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ ਅਤੇ ਬੀਜ ਨੂੰ ਭਿਓਂ ਕੇ ਬੀਜਣ ਨਾਲ ਪੁੰਗਾਰਾ ਅਤੇ ਜੰਮ ਛੇਤੀ ਅਤੇ ਚੰਗਾ ਹੁੰਦਾ ਹੈ।

**ਲੇਜ਼ਰ ਕਰਾਹੇ ਦੀ ਵਰਤੋਂ** : ਲੋੜ ਅਨੁਸਾਰ ਲੇਜ਼ਰ ਕਰਾਹੇ ਦੀ ਵਰਤੋਂ ਕਰੋ। ਲੇਜ਼ਰ ਕਰਾਹੇ ਦੀ ਵਰਤੋਂ ਨਾਲ ਸਿੰਚਾਈ ਵਾਲੇ ਪਾਣੀ ਦੀ ਸੰਜਮਤਾ ਨਾਲ ਵਰਤੋਂ ਹੁੰਦੀ ਹੈ। ਫ਼ਸਲ ਦਾ ਵਾਧਾ ਇੱਕਸਾਰ ਹੁੰਦਾ ਹੈ। ਸਮਤਲ ਖੇਤਾਂ ਵਿੱਚ ਪਾਣੀ ਇੱਕੋ ਜਿਹਾ ਲੱਗਣ ਕਰਕੇ ਫ਼ਸਲ ਨੂੰ ਖੁਰਾਕੀ ਤੱਤਾਂ ਦੀ ਉਪਲੱਬਧਤਾ ਵੀ ਇਕਸਾਰ ਰਹਿੰਦੀ ਹੈ, ਅਤੇ ਨਦੀਨ ਨਾਸ਼ਕਾਂ ਦੇ ਨਤੀਜੇ ਚੰਗੇ ਮਿਲਦੇ ਹਨ, ਨਤੀਜੇ ਵਜੋਂ ਫ਼ਸਲ ਦਾ ਵਾਧਾ ਇਕਸਾਰ ਹੁੰਦਾ ਹੈ।

**ਖੇਤ ਦੀ ਤਿਆਰੀ** : ਲੇਜ਼ਰ ਕਰਾਹ ਕਰਵਾਉਣ ਉਪਰੰਤ ਖੇਤ ਨੂੰ ਕਿਆਰੇ ਪਾ ਕੇ ਰੌਣੀ ਕਰੋ। ਜਦੋਂ ਖੇਤ ਤਰ-ਵੱਤਰ ਹਾਲਤ (ਵਾਹੀ ਯੋਗ ਚੰਗੇ ਵੱਤਰ ਵਾਲੇ ਹਾਲਾਤ/ਸਿੱਲ੍ਹਾ ਖੇਤ ਜਿਸ ਵਿੱਚ ਟਰੈਕਟਰ ਬਿਨਾਂ ਟਾਇਰਾਂ ਨਾਲ ਮਿੱਟੀ ਚਿੰਬੜੇ ਜਾਂ ਬਿਨਾਂ ਸਲਿੱਪ ਮਾਰੇ ਚੱਲ ਸਕਦਾ ਹੋਵੇ) ਵਿੱਚ ਆ ਜਾਵੇ ਤਾਂ ਹੋਛਾ ਵਾਹ ਕੇ 2 ਤੋਂ 3 ਵਾਰ ਭਾਰਾ ਸੁਹਾਗਾ (ਮਿੱਟੀ ਦੇ ਭਰੇ ਤਿੰਨ ਬੋਰੇ ਸੁਹਾਗੇ ਉਪਰ ਰੱਖ ਕੇ) ਮਾਰਨ ਤੋਂ ਬਾਅਦ ਤੁਰੰਤ ਬਿਜਾਈ ਕਰ ਦਿਉ।

**ਬਿਜਾਈ ਦਾ ਢੰਗ** : ਬਿਜਾਈ ਲਈ 'ਲੱਕੀ ਸੀਡ ਡਰਿਲ' ਜਿਹੜੀ ਕਿ ਝੋਨੇ ਦੀ ਬਿਜਾਈ ਅਤੇ ਨਦੀਨ ਨਾਸ਼ਕ ਦੀ ਸਪਰੇਅ ਨਾਲੋਂ-ਨਾਲ ਕਰਦੀ ਹੈ, ਨੂੰ ਤਰਜੀਹ ਦਿਓ। ਪਹੀਆਂ ਵਾਲੀ (ਪ੍ਰੈਸ ਵੀਲ ਯੁਕਤ) ਲੱਕੀ ਸੀਡ ਡਰਿਲ ਨਾਲ ਬਿਜਾਈ ਕਰਨ ਤੇ ਕਰੰਡ ਦੀ ਸਮੱਸਿਆ ਬਹੁਤ ਘੱਟ ਆਉਂਦੀ ਹੈ, ਖੇਤ ਦੀ ਨਮੀਂ ਜ਼ਿਆਦਾ ਸਮੇਂ ਤਕ ਬਰਕਰਾਰ ਰਹਿੰਦੀ ਹੈ, ਬਿਜਾਈ ਸਮੇਂ ਬਣਨ ਵਾਲੀਆਂ ਡਲੀਆਂ/ਢੇਮਾਂ ਨੂੰ ਵੀ ਭੋਰ ਦਿੰਦੀ ਹੈ ਅਤੇ ਨਦੀਨਨਾਸ਼ਕਾਂ ਦੇ ਚੰਗੇ ਨਤੀਜੇ ਮਿਲਦੇ ਹਨ। ਜੇਕਰ ਇਹ ਮਸ਼ੀਨ ਉਪਲੱਬਧ ਨਾ ਹੋਵੇ ਤਾਂ ਝੋਨਾ ਬੀਜਣ ਵਾਲੀ ਟੇਡੀਆਂ ਪਲੇਟਾਂ (ਇੰਨਕਲਾਈਡ ਪਲੇਟ) ਵਾਲੀ ਟਰੈਕਟਰ ਡਰਿੱਲ ਨਾਲ ਬਿਜਾਈ ਕਰ ਦਿਉ ਅਤੇ ਬਿਜਾਈ ਦੇ ਤੁਰੰਤ ਬਾਅਦ ਨਦੀਨ ਨਾਸ਼ਕ ਦਾ ਸਪਰੇਅ ਕਰ ਦਿਓ। ਕਿਸੇ ਵੀ ਮੌਜੂਦਾ ਝੋਨੇ ਦੀ ਡਰਿੱਲ ਦੇ ਪਿਛਲੇ ਪਾਸੇ ਹਰ ਦੋ ਫਾਲਿਆਂ ਵਿਚਕਾਰ ਨੂੰ 16 ਤੋਂ 17 ਸੈਂਟੀਮੀਟਰ ਚੌੜੇ ਪਹੀਏ ਲਗਾ ਕੇ ਪ੍ਰੈਸ ਵੀਲ ਯੁਕਤ ਡਰਿੱਲ ਬਣਾ ਕੇ ਵਰਤ ਸਕਦੇ ਹੋ। ਬਿਜਾਈ 20 ਸੈਂਟੀਮੀਟਰ ਦੀਆਂ ਕਤਾਰਾਂ ਵਿੱਚ ਕਰੋ। ਬੀਜ ਸਵਾ ਤੋਂ ਡੇਢ ਇੰਚ ਡੂੰਘਾਈ ਤੇ ਬੀਜੋ। ਪਾਣੀ ਦੀ ਹੋਰ ਵੀ ਜ਼ਿਆਦਾ ਬੱਚਤ ਲਈ ਤਰ ਵੱਤਰ ਹਾਲਤ ਵਿੱਚ ਬੈੱਡਾਂ ਉੱਤੇ ਵੀ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ। ਝੋਨੇ ਦੀ ਸਿੱਧੀ ਬਿਜਾਈ ਬੈੱਡ ਪਲਾਂਟਰ ਨਾਲ 67.5 ਸੈਂਟੀਮੀਟਰ ਚੌੜਾਈ ਵਾਲੇ ਬੈਡਾਂ (37.5 ਸੈਂਟੀਮੀਟਰ ਚੌੜੇ ਬੈੱਡ ਅਤੇ 30 ਸੈਂਟੀਮੀਟਰ ਚੌੜੀ ਖਾਲੀ) ਉਤੇ ਕੀਤੀ ਜਾ ਸਕਦੀ ਹੈ। ਚੰਗੇ ਨਤੀਜੇ ਪ੍ਰਾਪਤ ਕਰਨ ਲਈ, ਬੈੱਡ ਕੰਪੈਕਟਰ ਬੈੱਡ ਪਲਾਂਟਰ ਦੀ ਵਰਤੋਂ ਕਰੋ। ਇਸ ਵਿੱਚ ਪਾਣੀ ਖਾਲੀਆਂ ਵਿੱਚ ਹੀ ਲਾਇਆ ਜਾਂਦਾ ਹੈ। ਖੇਤ ਦੀ ਤਿਆਰੀ, ਬਿਜਾਈ ਅਤੇ ਨਦੀਨ ਨਾਸ਼ਕ ਦਾ ਸਪਰੇਅ ਵੀ ਦੁਪਹਿਰ ਵੇਲੇ ਨਾ ਕਰੋ।

ਸੁੱਕੇ ਖੇਤ ਵਿੱਚ ਝੋਨੇ ਦੀ ਸਿੱਧੀ ਬਿਜਾਈ ਕਰਨ ਲਈ ਲੇਜ਼ਰ ਕੀਤੇ ਹੋਏ ਖੇਤ ਵਿੱਚ ਟੇਡੀਆਂ ਪਲੇਟਾਂ ਵਾਲੀ ਟਰੈਕਟਰ ਡਰਿੱਲ ਦੀ ਵਰਤੋਂ ਕਰਕੇ ਸੋਧੇ ਹੋਏ ਬੀਜ ਨਾਲ ਬਿਜਾਈ ਕਰ ਦਿਉ ਅਤੇ ਬਿਜਾਈ ਤੋਂ ਤੁਰੰਤ ਬਾਅਦ ਸਿੰਚਾਈ ਕਰੋ।

**ਝੋਨੇ ਦੀ ਖੜ੍ਹੀ ਫ਼ਸਲ ਵਿੱਚ ਵਰਤੇ ਜਾਣ ਵਾਲੇ ਨਦੀਨ ਨਾਸ਼ਕ**

| ਨਦੀਨ ਨਾਸ਼ਕ ਦਾ ਨਾਂ | ਮਾਤਰਾ ਪ੍ਰਤੀ ਏਕੜ | ਨਦੀਨਾਂ ਦੀ ਰੋਕਥਾਮ | ਛਿੜਕਾਅ ਕਰਨ ਸਮੇਂ ਨਦੀਨਾਂ ਦੀ ਅਵਸਥਾ |
|---|---|---|---|
| ਨੌਮਨੀਗੋਲਡ 10 ਐਸ ਸੀ (ਬਿਸਪਾਇਰੀਬੈਕ) | 100 ਮਿਲੀਲਿਟਰ | ਸਵਾਂਕ, ਸਵਾਂਕੀ, ਝੋਨੇ ਦੇ ਮੋਥੇ | 2-4 ਪੱਤੇ |
| ਰਾਈਸਸਟਾਰ 6.7 ਈਸੀ (ਫਿਨਾਕਸਾਪਰੋਪ-ਪੀ-ਇਥਾਇਲ) | 400 ਮਿਲੀਲਿਟਰ | ਗੁੜਤਮਧਾਨਾ, ਚੀਨੀ (ਘੋੜਾ) ਘਾਹ, ਚਿੜੀ ਘਾਹ, ਤੱਕੜੀ ਘਾਹ | 2-4 ਪੱਤੇ |
| ਐਲਮਿਕਸ 20 ਡਬਲਯੂਪੀ (ਕਲੋਰੀਮਿਯੂ-ਇਥਾਇਲ + ਮੈਟਸਲਫੂਰਾਨਮਿਥਾਇਲ) | 8 ਗ੍ਰਾਮ | ਚੌੜੇ ਪੱਤੀ ਵਾਲੇ ਨਦੀਨ, ਝੋਨੇ ਦੇ ਮੋਥੇ, ਗੰਢੀ ਵਾਲਾ ਡੀਲਾ/ਮੋਥਾ | 2-4 ਪੱਤੇ |
| ਨੋਵਲੈਕਟ 12 ਈ ਸੀ (ਫਲੋਰਪਾਈਰਾਕਸੀਫੇਨ ਬੈਨਜ਼ਾਇਲ 2.13% + ਸਾਈਹੈਲੋਫੋਪ ਬਿਊਟਾਇਲ 10.64%) | 100 ਮਿਲੀਲਿਟਰ | ਸਵਾਂਕ, ਚੀਨੀ (ਘੋੜਾ) ਘਾਹ, ਚੌੜੇ ਪੱਤੀ ਵਾਲੇ ਨਦੀਨ ਝੋਨੇ ਦੇ ਮੋਥੇ, ਗੰਢੀ ਵਾਲਾ ਡੀਲਾ/ਮੋਥਾ | 2-4 ਪੱਤੇ |
| ਏਕੇਤਸੂ 43 ਡਬਲਯੂ ਜੀ (ਬਿਸਪਾਇਰੀ-ਬੈਕ 38% + ਕਲੋਰੀਮਿਯੂਰਾਨ 2.5% + ਮੈਟਸਲਫੂਰਾਨ 2.5%) | 40 ਗ੍ਰਾਮ | ਸਵਾਂਕ, ਝੋਨੇ ਦੇ ਮੋਥੇ, ਗੰਢੀ ਵਾਲਾ ਡੀਲਾ/ਮੋਥਾ, ਚੌੜੇ ਪੱਤੀ ਵਾਲੇ ਨਦੀਨ | 2-4 ਪੱਤੇ |

★ ਨਦੀਨਾਂ ਦੀ ਦੱਸੀ ਹੋਈ ਅਵਸਥਾ ਅਨੁਸਾਰ ਹੀ ਨਦੀਨ ਨਾਸ਼ਕ ਦਾ ਛਿੜਕਾਅ ਕਰੋ। ★ ਨਦੀਨ ਨਾਸ਼ਕ ਦਾ ਛਿੜਕਾਅ ਹਮੇਸ਼ਾਂ ਵੱਤਰ ਖੇਤ ਵਿੱਚ ਕਰੋ ਅਤੇ ਇਸ ਤੋਂ ਬਾਅਦ ਇੱਕ ਹਫ਼ਤੇ ਲਈ ਖੇਤ ਨੂੰ ਵੱਤਰ ਸਥਿਤੀ ਵਿੱਚ ਰੱਖੋ। ★ ਬਚੇ ਹੋਏ ਨਦੀਨਾਂ ਨੂੰ ਹੱਥ ਨਾਲ ਖਿੱਚ ਕੇ ਜਾਂ ਗੋਡੀ ਕਰਕੇ ਪੁੱਟ ਦਿਉ।

## ਘੱਟ ਪਾਣੀ ਵੱਧ ਉਪਜਾਊ ਸ਼ਕਤੀ ਵਾਲੀ ਫ਼ਸਲ : ਗੁਆਰਾ

ਗੁਆਰਾ ਡੂੰਘੀਆਂ ਜੜ੍ਹਾਂ ਵਾਲੀ ਅਤੇ ਸੋਕੇ ਨੂੰ ਸਹਿਣ ਕਰਨ ਵਾਲੀ ਇੱਕ ਬਹੁਮੰਤਵੀ ਫ਼ਲੀਦਾਰ ਫ਼ਸਲ ਹੈ। ਜਿਸ ਨੂੰ ਗਰਮੀ ਰੁੱਤ ਵਿੱਚ ਪੰਜਾਬ, ਰਾਜਸਥਾਨ ਅਤੇ ਹਰਿਆਣਾ ਦੀਆਂ ਹਲਕੀਆਂ ਜ਼ਮੀਨਾਂ ਵਿੱਚ ਬੀਜਿਆ ਜਾਂਦਾ ਹੈ। ਇਹ ਫ਼ਲੀਦਾਰ ਫ਼ਸਲ ਨੂੰ ਹਰੀਆਂ ਫ਼ਲੀਆਂ ਦੀਆਂ ਸਬਜ਼ੀ ਵਾਸਤੇ, ਹਰੇ ਤੇ ਸੁੱਕੇ ਚਾਰਾ ਵਾਸਤੇ, ਹਰੀ ਖਾਦ ਅਤੇ ਦਾਣਿਆਂ ਤੋਂ ਗੂੰਦ ਕੱਢਣ ਲਈ ਬੀਜਿਆ ਜਾਂਦਾ ਹੈ। ਗੁਆਰਾ ਦੇ ਦਾਣਿਆਂ ਤੋਂ ਗੂੰਦ ਕੱਢਣ ਤੋਂ ਬਾਅਦ ਬਚੀ ਹੋਈ ਚੂਰੀ ਪਸ਼ੂਆਂ ਲਈ ਪ੍ਰੋਟੀਨ ਭਰਪੂਰ ਖ਼ੁਰਾਕ ਹੈ। ਫ਼ਲੀਦਾਰ ਫ਼ਸਲ ਹੋਣ ਕਰਕੇ ਇਹ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵੀ ਵਧਾਉਂਦੀ ਹੈ। ਗੁਆਰੇ ਦੇ ਦਾਣਿਆਂ ਵਿੱਚੋਂ ਨਿਕਲਣ ਵਾਲੀ ਗੂੰਦ ਦੇ ਸੰਘਣਾਪਣ ਅਤੇ ਸਥਿਰਤਾ ਆਦਿ ਖਾਸ ਗੁਣਾਂ ਕਰਕੇ ਇਸ ਨੂੰ ਦਵਾਈਆਂ, ਭੋਜਨ ਅਤੇ ਸ਼ਿੰਗਾਰ ਸਮਗਰੀ ਦੇ ਉਦਯੋਗਾਂ ਵਿੱਚ ਵੀ ਵਰਤਿਆ ਜਾਂਦਾ ਹੈ।

**ਫ਼ਸਲ ਉਤਪਾਦਨ ਦੀਆਂ ਤਕਨੀਕਾਂ**

**ਖੇਤ ਦੀ ਚੋਣ ਅਤੇ ਤਿਆਰੀ** : ਫ਼ਲੀਦਾਰ ਫ਼ਸਲ ਹੋਣ ਕਾਰਨ ਗੁਆਰਾ ਘੱਟ ਉਪਜਾਊ ਅਤੇ ਹਲਕੀਆਂ ਜ਼ਮੀਨਾਂ ਵਾਸਤੇ ਢੁੱਕਵਾਂ ਹੈ ਅਤੇ ਬੀਜਣ ਵਾਸਤੇ 2 ਵਹਾਈਆਂ ਅਤੇ 1 ਸੁਹਾਗਾ ਹੀ ਕਾਫ਼ੀ ਹਨ।

**ਕਿਸਮਾਂ ਅਤੇ ਬੀਜ ਦੀ ਮਾਤਰਾ** : ਪੰਜਾਬ ਵਿੱਚ ਕਾਸ਼ਤ ਲਈ ਐਚ. ਜੀ. 365, ਅਗੇਤਾ ਗੁਆਰ 112 ਅਤੇ ਗੁਆਰਾ 80 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਹਨਾਂ ਕਿਸਮਾਂ ਦਾ ਔਸਤਨ ਝਾੜ ਲੱਗਭੱਗ 5.3 ਤੋਂ 8.0 ਕੁਇੰਟਲ ਪ੍ਰਤੀ ਏਕੜ ਹੈ। ਗੁਆਰੇ ਦੀ ਸਫ਼ਲ ਕਾਸ਼ਤ ਲਈ 8-10 ਕਿਲੋ ਪ੍ਰਤੀ ਏਕੜ ਬੀਜ ਵਰਤੋਂ।

**ਬਿਜਾਈ ਦਾ ਸਮਾਂ ਅਤੇ ਤਰੀਕਾ** : ਬਰਾਨੀ ਅਤੇ ਹਲਕੀਆਂ ਜ਼ਮੀਨਾਂ ਵਿੱਚ ਬਿਜਾਈ ਬਰਸਾਤ ਸ਼ੁਰੂ ਹੋਣ ਤੇ ਕਰੋ ਅਤੇ ਸੇਂਜੂ ਤੇ ਭਾਰੀਆਂ ਜ਼ਮੀਨਾਂ ਵਿੱਚ ਬਿਜਾਈ ਜੁਲਾਈ ਦੇ ਪਹਿਲੇ ਪੰਦਰਵਾੜੇ ਵਿੱਚ ਕਰਨੀ ਚਾਹੀਦੀ ਹੈ। ਸੇਂਜੂ ਜ਼ਮੀਨਾਂ ਵਿੱਚ ਕੇਰੇ ਨਾਲ ਅਤੇ ਬਰਾਨੀ ਜ਼ਮੀਨਾਂ ਵਿੱਚ ਪੋਰੇ ਨਾਲ 45 ਸੈ.ਮੀ. ਦੂਰੀ ਦੀਆਂ ਲਾਈਨਾਂ ਵਿੱਚ ਬਿਜਾਈ ਕਰੋ, ਬਿਜਾਈ ਲਈ ਬੀਜ-ਖਾਦ ਡਰਿਲ ਵੀ ਵਰਤੀ ਜਾ ਸਕਦੀ ਹੈ।

**ਖਾਦਾਂ** : ਫ਼ਲੀਦਾਰ ਫ਼ਸਲ ਹੋਣ ਕਾਰਣ ਇਸ ਵਿੱਚ ਨਾਈਟ੍ਰੋਜਨ ਖਾਦ ਦੀ ਘੱਟ ਲੋੜ ਪੈਂਦੀ ਹੈ। ਸੇਂਜੂ ਜ਼ਮੀਨਾਂ ਵਿੱਚ 8 ਕਿਲੋ ਨਾਈਟ੍ਰੋਜਨ (17 ਕਿਲੋ ਯੂਰੀਆ) ਅਤੇ 19 ਕਿਲੋ ਫ਼ਾਸਫੋਰਸ (120 ਕਿਲੋ ਸਿੰਗਲ ਸੁਪਰਫ਼ਾਸਫੇਟ) ਪ੍ਰਤੀ ਏਕੜ ਬਿਜਾਈ ਤੋਂ ਪਹਿਲਾਂ ਡਰਿਲ ਕਰੋ।

**ਸਿੰਚਾਈ** : ਜੁਲਾਈ ਵਿੱਚ ਬੀਜੀ ਫ਼ਸਲ ਨੂੰ ਆਮ ਕਰਕੇ ਸਿੰਚਾਈ ਦੀ ਲੋੜ ਨਹੀਂ ਪੈਂਦੀ। ਜੇਕਰ ਬਾਰਸ਼ਾਂ ਘੱਟ ਪੈਣ ਤਾਂ 1-2 ਪਾਣੀ ਹੀ ਕਾਫ਼ੀ ਹਨ। ਗੁਆਰੇ ਨੂੰ ਸਤੰਬਰ ਦੇ ਤੀਜੇ ਹਫ਼ਤੇ ਤੋਂ ਬਾਅਦ ਪਾਣੀ ਨਾ ਦਿਉ, ਜਿਸ ਨਾਲ ਫ਼ਸਲ ਪਿਛੇਤੀ ਪੱਕਦੀ ਹੈ ਅਤੇ ਦਾਣਿਆਂ ਤੇ ਮਾੜਾ ਅਸਰ ਪੈਂਦਾ ਹੈ।

ਦੱਖਣੀ-ਪੱਛਮੀ ਪੰਜਾਬ ਵਿੱਚ ਗੁਆਰੇ ਦੀ ਕਾਸ਼ਤ, ਗੁਆਰਾ-ਕਣਕ ਫ਼ਸਲ ਚੱਕਰ ਅਪਣਾ ਕੇ ਹਲਕੀਆਂ ਜ਼ਮੀਨਾਂ ਵਿੱਚ ਪਾਣੀ ਦੀ ਬੱਚਤ ਅਤੇ ਮਿੱਟੀ ਦੀ ਸਿਹਤ ਬਰਕਰਾਰ ਰੱਖਣ ਲਈ ਕਰੋ।

**ਸੁਖਦੀਪ ਕੌਰ ਬਰਾੜ ਅਤੇ ਸੁਦੀਪ ਸਿੰਘ,**
**ਖੇਤਰੀ ਖੋਜ ਕੇਂਦਰ, ਬਠਿੰਡਾ (ਮੋਬਾਇਲ : 98882-12003)**

# ਖੇਤੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦੀ ਲੋੜ

**ਆਪਣੀ ਮੰਡੀ ਸਕੀਮ ਨੂੰ ਮੁੜ ਕਿਸਾਨ ਮੰਡੀ ਬਣਾਇਆ ਜਾਵੇ। ਇੱਥੇ ਵਿਕਰੀ ਦੀ ਇਜਾਜ਼ਤ ਸਿਰਫ਼ ਕਿਸਾਨਾਂ ਨੂੰ ਹੀ ਦਿੱਤੀ ਜਾਵੇ...**



ਡਾ. ਰਣਜੀਤ ਸਿੰਘ

ਖੇਤੀ ਦਾ ਧੰਦਾ ਸਭ ਤੋਂ ਵੱਧ ਖ਼ਤਰਿਆਂ ਭਰਿਆ ਹੈ। ਫ਼ਸਲ ਬੀਜਣ ਤੋਂ ਘਰ ਆਉਣ ਤੱਕ ਖ਼ਤਰੇ ਦੇ ਬੱਦਲ ਮੰਡਰਾਉਂਦੇ ਰਹਿੰਦੇ ਹਨ। ਪੰਜਾਬ ਦੀ ਲਗਪਗ ਸਾਰੀ ਧਰਤੀ ਹੀ ਵਾਹੀ ਹੇਠ ਹੈ, ਬੰਜਰ ਜਾਂ ਬੇਅਬਾਦ ਜ਼ਮੀਨਾਂ ਬਹੁਤ ਘੱਟ ਹਨ। ਵਾਹੀ ਹੇਠ ਧਰਤੀ ਹਰੇਕ ਵਰ੍ਹੇ ਘੱਟ ਰਹੀ ਹੈ ਜਦਕਿ ਧਰਤ ਵਿਹੂਣੇ ਹੋਏ ਕਿਸਾਨ ਪਰਿਵਾਰਾਂ ਲਈ ਰੁਜ਼ਗਾਰ ਦੇ ਵਸੀਲੇ ਵਿਕਸਤ ਨਹੀਂ ਹੋ ਰਹੇ। ਸੂਬੇ ਦੀ ਅੱਧੋ ਤੋਂ ਵੱਧ ਅਬਾਦੀ ਹਾਲੇ ਵੀ ਖੇਤੀ ’ਤੇ ਨਿਰਭਰ ਕਰਦੀ ਹੈ। ਇਸ ਕਰ ਕੇ ਸਰਕਾਰਾਂ ਨੂੰ ਖੇਤੀ ਅਤੇ ਪੇਂਡੂ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਖੇਤੀ ਵਿੱਚ ਬਦਲਾਅ ਲਈ ਵਿਆਪਕ ਯਤਨਾਂ ਦੀ ਲੋੜ ਹੈ। ਸੂਬੇ ਵਿੱਚ ਕਦੇ ਫੋਕਲ ਪੁਆਇੰਟ ਬਣਾਉਣ ਦੀ ਸਕੀਮ ਬਣੀ ਸੀ। ਜ਼ਮੀਨਾਂ ਵੀ ਰਾਖਵੀਆਂ ਰੱਖੀਆਂ ਗਈਆਂ, ਕੁਝ ਇਮਾਰਤਾਂ ਵੀ ਬਣੀਆਂ ਪਰ ਫਿਰ ਸਭ ਠੱਪ ਹੋ ਗਿਆ। ਇਸ ਸਕੀਮ ਨੂੰ ਮੁੜ ਸੁਰਜੀਤ ਕੀਤਾ ਜਾਵੇ। ਖੇਤੀ ਉਪਜ ਆਧਾਰਤ ਛੋਟੇ ਕਾਰਖਾਨੇ ਲਗਾਏ ਜਾਣ ਅਤੇ ਖੇਤੀ ਉਪਜ ਦੀ ਵਿਕਰੀ ਲਈ ਦੁਕਾਨਾਂ ਬਣਾਈਆਂ ਜਾਣ। ਖੇਤੀ ਤੇ ਹੋਰ ਘਰੇਗੀ ਲੋੜਾਂ ਦੀਆਂ ਵਸਤਾਂ ਦਾ ਬਾਜ਼ਾਰ ਵੀ ਬਣ ਸਕਦਾ ਹੈ। ਇੰਝ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ ਤੇ ਰੁਜ਼ਗਾਰ ਦੇ ਵਸੀਲੇ ਬਣ



ਜਾਣਗੇ। ਆਪਣੀ ਮੰਡੀ ਸਕੀਮ ਨੂੰ ਮੁੜ ਕਿਸਾਨ ਮੰਡੀ ਬਣਾਇਆ ਜਾਵੇ। ਇੱਥੇ ਵਿਕਰੀ ਦੀ ਇਜਾਜ਼ਤ ਸਿਰਫ਼ ਕਿਸਾਨਾਂ ਨੂੰ ਦਿੱਤੀ ਜਾਵੇ। ਇਹ ਹੁਣ ਕਿਸਾਨ ਮੰਡੀ ਨਹੀਂ ਸਗੋਂ ਸਬਜ਼ੀ ਮੰਡੀ ਬਣ ਗਈਆਂ ਹਨ। ਪੰਜਾਬ ਮੰਡੀ ਬੋਰਡ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਕੁਝ ਹੋਰ ਫ਼ਸਲਾਂ ਤੇ ਸਬਜ਼ੀਆਂ ਦਾ ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਤ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਐਗਰੋ, ਮਾਰਕਫੈਡ, ਮਿਲਕਫੈਡ ਜਾਂ ਕਿਸੇ ਹੋਰ ਸੰਸਥਾ ਰਾਹੀਂ ਖ਼ਰੀਦ ਦਾ ਪ੍ਰਬੰਧ ਕਰਨ ਬਾਰੇ ਫ਼ੈਸਲਾ ਕੀਤਾ ਜਾਵੇ। ਆਮਦਨ ਵਿੱਚ ਬਾਗਬਾਨੀ ਤੇ ਪਸ਼ੂ ਪਾਲਣ ਨੂੰ ਉਤਸ਼ਾਹਤ ਕਰਨ ਦੀ ਲੋੜ ਹੈ। ਸਬਜ਼ੀਆਂ ਹੇਠ ਰਕਬੇ ਨੂੰ ਵਧਾਉਣ ਦੀ ਲੋੜ ਹੈ। ਸਰਕਾਰ ਨੂੰ ਕੇਲੇ ਸੇਬਾਂ ਦੀ ਥਾਂ ਪਿਆਜ ਲਸਣ ਆਦਿ ਦੀ ਖੇਤੀ ਨੂੰ ਉਤਸ਼ਾਹਤ ਕਰਨ ਦੀ ਲੋੜ ਹੈ। ਸਰਕਾਰੀ ਮਹਿਕਮੇ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਪਿੰਡਾਂ ਵਿੱਚ ਛੋਟੇ ਸਮੂਹ ਬਣਾ ਕੇ ਆਲੂਆਂ ਵਾਂਗ ਹੀ ਪਿਆਜ ਲਸਣ ਤੇ ਦੂਜੀਆਂ ਸਬਜ਼ੀਆਂ ਹੇਠ ਰਕਬੇ ਵਿੱਚ ਵਾਧਾ ਕਰ ਸਕਦੇ ਹਨ। ਪੰਜਾਬ ਦੁਧਾਰੂ ਪਸ਼ੂ ਪਾਲਣ ਲਈ ਢੁੱਕਵਾਂ ਹੈ। ਸਿੰਚਾਈ ਸਹੂਲਤਾਂ ਕਾਰਨ ਸਾਰਾ ਸਾਲ ਹਰਾ ਚਾਰਾ ਮਿਲ ਸਕਦਾ ਹੈ। ਇਸੇ ਕਰ ਕੇ ਪੰਜਾਬ ਵਿੱਚ ਪਸ਼ੂ ਵਧੇਰੇ ਦੁੱਧ ਦਿੰਦੇ ਹਨ। ਇਸ ਪਾਸੇ ਕੋਈ ਠੋਸ ਉਪਰਾਲੇ ਕਰਨ ਦੀ ਲੋੜ ਹੈ। ਖੇਤੀ ਵਿੱਚ ਕਿਸੇ ਵੀ ਤਬਦੀਲੀ ਲਈ ਘੱਟੋ-ਘੱਟ ਤਿੰਨ ਧਿਰਾਂ ਦੇ ਸਹਿਯੋਗ ਦੀ ਲੋੜ ਪੈਂਦੀ ਹੈ। ਨਵਾਂ ਗਿਆਨ, ਕਿਸਾਨ ਅਤੇ ਸਰਕਾਰ। ਸਰਕਾਰ ਨੂੰ ਚਾਹੀਦਾ ਹੈ ਕਿ ਸਸਤੇ ਮੁੱਲ ’ਤੇ ਬੀਜ ਦੇਵੇ ਅਤੇ ਇੱਕ ਮਿੱਥੀ ਕੀਮਤ ’ਤੇ ਉਪਜ ਦੀ ਖ਼ਰੀਦ ਯਕੀਨੀ ਬਣਾਵੇ। ਇਸੇ ਤਰ੍ਹਾਂ ਹੀ ਹੋਰ ਨਵੀਆਂ ਖੋਜਾਂ ਬਾਰੇ ਹੋਣਾ ਚਾਹੀਦਾ ਹੈ। ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਹਨ। ਕਿਸੇ ਵੀ ਨਵੀਂ ਖੋਜ ਨੂੰ ਪ੍ਰਚਲਿਤ ਕਰਨ ਲਈ ਇਨ੍ਹਾਂ ਕੇਂਦਰਾਂ ਵੱਲੋਂ ਕੁਝ ਚੁਣਵੇਂ ਕਿਸਾਨਾਂ ਨੂੰ ਸਿਖਲਾਈ ਦੇ ਕੇ ਅਪਣਾਉਣ ਲਈ ਤਿਆਰ ਕਰੋ। ਸਰਕਾਰੀ ਸਹਾਇਤਾ ਨਾਲ ਉਨ੍ਹਾਂ ਦਾ ਹੀ ਗਰੁੱਪ ਬਣਾ ਕੇ ਸਾਂਝੇ ਤੌਰ ’ਤੇ ਵਿਕਰੀ ਕਰਨ ਵਿੱਚ ਸਹਾਇਤਾ ਕਰੇ। ਅਜੇਹੇ ਯਤਨਾਂ ਨਾਲ ਹੀ ਖੇਤੀ ਵਿੱਚ ਤਬਦੀਲੀ ਸੰਭਵ ਹੋ ਸਕਦੀ ਹੈ।

ਗੰਨਾ ਕਦੇ ਪੰਜਾਬ ਵਿੱਚ ਕਣਕ, ਝੋਨਾ ਅਤੇ ਨਰਮੇ ਪਿੱਛੋਂ ਰਕਬੇ ਅਨੁਸਾਰ ਚੌਥੀ ਫ਼ਸਲ ਬਣ ਗਿਆ ਸੀ ਪਰ ਵਧੀਆ ਕੀਮਤ ਹੋਣ ਦੇ ਬਾਵਜੂਦ ਰਕਬਾ ਘੱਟ ਰਿਹਾ ਹੈ ਅਤੇ ਸੂਬੇ ਦੀਆਂ ਕਈ ਗੰਨਾਂ ਮਿਲਾਂ ਬੰਦ ਹੋ ਗਈਆਂ ਹਨ। ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ। ਹੁਣ ਖੋਜ ਦੀਆਂ ਨਵੀਆਂ ਸਹੂਲਤਾਂ ਆ ਗਈਆਂ ਹਨ। ਬਾਇਓਟੈਕਨੋਲੋਜੀ ਤੇ ਏਆਈ ਦੇ ਵਿਕਾਸ ਨਾਲ ਖੋਜ ਕਾਰਜਾਂ ਵਿੱਚ ਤੇਜ਼ੀ ਆਈ ਹੈ ਪਰ ਅਜੇ ਵੀ ਬਹੁਤ ਚੁਣੌਤੀਆਂ ਹਨ। ਖੇਤੀ ਨੂੰ ਕਿਸਾਨ ਪੂਰੀ ਤਰ੍ਹਾਂ ਵਪਾਰ ਸਮਝ ਕੇ ਚਲਾਵੇ ਪਰ ਇਸ ਪਾਸੇ ਬਹੁਤ ਕੁਝ ਕਰਨਾ ਬਾਕੀ ਹੈ। ਆਪਣੇ ਸਾਂਝੇ ਯਤਨਾਂ ਨਾਲ ਉਪਜ ਦਾ ਪਦਾਰਥੀਕਰਨ ਅਤੇ ਵਿਕਰੀ ਦਾ ਪ੍ਰਬੰਧ ਕੀਤਿਆਂ ਹੀ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਹੋ ਸਕਦਾ ਹੈ।

## ਬੇਹੱਦ ਦਰਦਨਾਕ ਹੋਵੇਗੀ

# ਪੰਜਾਬ ਦੇ ਜ਼ਹਿਰੀਲਾ ਮਾਰੂਥਲ ਬਣਨ ਦੀ ਦਾਸਤਾਨ

**ਪੰਜਾਬ ਦੇ ਬਹੁਤ ਸਾਰੇ ਇਲਾਕੇ ਇਸ ਸਮੇਂ ਖ਼ਤਰੇ ਦੇ ਜ਼ੋਨ ਵਿੱਚ ਆ ਚੁੱਕੇ ਹਨ। ਕਈ ਹਲਕਿਆਂ ਅੰਦਰ ਧਰਤੀ ਹੇਠਲੇ ਪਾਣੀ ਦੀ ਸਤ੍ਹਾ ਦਾ ਪੱਧਰ 150 ਫੁੱਟ ਤੱਕ ਜਾ ਪਹੁੰਚਿਆ ਹੈ। ਉਸ ਵਿੱਚੋਂ ਵੀ ਸੜ੍ਹਾਂਦ ਮਾਰਦੀ ਬਦਬੂ ਤੇ ਜਿਲਬ ਦੀ ਪਕੜ ਸਾਫ਼ ਵਿਖਾਈ ਦਿੰਦੀ ਹੈ ਕਿ ਇੰਝ ਅਸੀਂ ਬੇਰਹਿਮੀ ਨਾਲ ਕੰਕਰੀਟ ਦੇ ਜੰਗਲ ਉਸਾਰਦਿਆਂ-ਉਸਾਰਦਿਆਂ ’ਅੰਮ੍ਰਿਤ ਦਾ ਕਤਲ’ ਕਰ ਦਿੱਤਾ, ਜਿਸ ਦਾ ਦੋਸ਼ੀ ਕੋਈ ਹੋਰ ਨਹੀਂ, ਸਗੋਂ ਅਸੀਂ ਖ਼ੁਦ ਹਾਂ। ਸਾਨੂੰ ਤਾਂ ਕੁਦਰਤ ਨੇ ਪੰਜ ਪਾਣੀਆਂ ਦੇ ਮਾਲਕ ਬਣਾ ਦਿੱਤਾ ਸੀ, ਪਰ ਅਸੀਂ ਇਕ ਦੇ ਵੀ ਨਾ ਰਹੇ।**

ਮਨਜਿੰਦਰ ਸਿੰਘ ਸਰੌਦ, ਮਲੇਰਕੋਟਲਾ (ਮੋ. 94634-63136)

ਦੇਸ਼ ਦਾ ਅਜਿਹਾ ਖ਼ਿੱਤਾ ਜਿੱਥੇ ਹਰੇ-ਭਰੇ ਦਰੱਖਤਾਂ ਨੇ ਇਨਸਾਨਾਂ ਨੂੰ ਆਕਸੀਜਨ ਰੂਪੀ ਜ਼ਿੰਦਗੀ ਬਖਸ਼ੀ ਹੋਵੇ, ਉੱਥੇ ਹੀ ਉੱਥੋਂ ਦੇ ਬਾਸ਼ਿੰਦਿਆਂ ਵੱਲੋਂ ਉਨ੍ਹਾਂ ਦਰੱਖਤਾਂ ਦਾ ਇਕ ਤਰ੍ਹਾਂ ਨਾਲ ਕਤਲੇਆਮ ਕੀਤਾ ਜਾਂਦਾ ਹੋਵੇ, ਉਸ ਧਰਤੀ ਦੇ ਵਾਰਸਾਂ ਨੂੰ ਅਸੀਂ ਕਿਸ ਨਾਂਅ ਨਾਲ ਪੁਕਾਰੀਏ ਕੁਝ ਸਮਝ ਨਹੀਂ ਪੈਂਦਾ। ਜਿੱਥੇ ਅਸੀਂ ਕਚਨਾਰ ਬਨਸਪਤੀ ਨੂੰ ਉਜਾੜਨ ਦੇ ਦੋਸ਼ੀ ਹਾਂ, ਉੱਥੇ ਹੀ ਅੰਮ੍ਰਿਤ ਵਰਗੇ ‘ਪਾਣੀ ਦੇ ਕਾਤਲ’ ਵੀ ਅਖਵਾਵਾਂਗੇ। ਸੋਚਦਿਆਂ ਹੀ ਰੂਹ ਕੰਬ ਜਾਂਦੀ ਹੈ ਕਿ ਜੇ ਅਸੀਂ ਲਗਭਗ 40 ਸਾਲਾਂ ਦੇ ਵਕਫ਼ੇ ਦੌਰਾਨ ਧਰਤੀ ਹੇਠਲੇ ਘਟ ਰਹੇ ਪਾਣੀ ਦੀ ਰਫ਼ਤਾਰ ਨੂੰ ਪ੍ਰਤੀ ਸਾਲ 2 ਫੁੱਟ ਤੱਕ ਹੇਠਾਂ ਜਾਣ ਦੇਣ ਤੋਂ ਇਲਾਵਾ ਹਰ ਪਿੰਡ ਤੇ ਸ਼ਹਿਰ ਅੰਦਰੋਂ ਤਕਰੀਬਨ 60 ਹਜ਼ਾਰ ਲੀਟਰ ਪਾਣੀ ਰੋਜ਼ਾਨਾ ਛੱਪੜਾਂ ਵਿੱਚ ਸੁੱਟਣ ਦੀ ਪਿਰਤ ਜਾਰੀ ਰੱਖੀ ਤਾਂ ਸਾਡੀ ਆਉਣ ਵਾਲੀ ਨਸਲ ਦਾ ਭਵਿੱਖ ਕੀ ਹੋਵੇਗਾ, ਕਹਿਣ ਦੀ ਲੋੜ ਨਹੀਂ। ਅਸੀਂ ਖ਼ੁਦ ਆਪਣੀ ਜ਼ਰਖੇਜ਼ ਜ਼ਮੀਨ ਵਿੱਚ ਖ਼ਤਰਨਾਕ ਰਸਾਇਣਾਂ ਨੂੰ ਮਿਲਾ ਕੇ ਪੰਜਾਬ ਨੂੰ ਇਕ ‘ਜ਼ਹਿਰੀਲਾ ਮਾਰੂਥਲ’ ਬਣਾਉਣ ਵੱਲ ਵੱਧ ਰਹੇ ਹਾਂ। ਕਾਫ਼ੀ ਸਮਾਂ ਪਹਿਲਾਂ ਹੋਰਨਾਂ ਭਾਰਤੀ ਸੂਬਿਆਂ ਦੇ ਰੇਲਵੇ ਸਟੇਸ਼ਨਾਂ ’ਤੇ ਪਾਣੀ ਵੇਚਣ ਵਾਲਿਆਂ ਦੇ ਹੋਕੇ ਉੱਥੋਂ ਦੇ ਧਰਤੀ ਹੇਠਲੇ ਪਾਣੀ ਦੀ ਅਸਲ ਸਥਿਤੀ ਨੂੰ ਬਿਆਨ ਕਰਦੇ ਸਨ, ਕਿ ਦੂਰ-ਦੁਰਾਡੇ ਰੋਹੀ ਬੀਆਬਾਨ, ਨੁਕੀਲੇ ਤਪਦੇ ਪਹਾੜਾਂ ਅਤੇ ਰੇਤ ਦੀ ਡਰਾਵਣੇ ਟਿੱਬਿਆਂ ’ਤੇ ਜੇ ਇਨਸਾਨ ਨੂੰ ਪਾਣੀ ਦੀ ਪਿਆਸ ਲੱਗੇ ਤਾਂ ਇਕ ਬੂੰਦ ਵੀ ਮਿਲਣੀ ਨਾਮੁਮਕਿਨ ਹੈ। ਕਈ ਵਾਰ ਇਸ ਹਾਲਤ ਵਿੱਚ ਬਹੁਤੇ ਇਨਸਾਨ ਇਸ ਸੰਸਾਰ ਤੋਂ ਪਾਣੀ ਨੂੰ ਤਰਸਦੇ ਕੂਚ ਕਰ ਚੁੱਕੇ ਹਨ। ਕਹਿੰਦੇ ਇਕ ਵਾਰ ਕੋਈ ਜਿਊਂਦਾ ਜਾਗਦਾ ਇਨਸਾਨ ਰਾਜਸਥਾਨ ਦੇ ਮਾਰੂਥਲ ਵਿੱਚ ਰਾਹ ਭਟਕ ਕੇ ਰੇਤ ਦੇ ਟਿੱਬਿਆਂ ਅੰਦਰ ਪਾਣੀ ਖੁਣੋਂ ਸਦਾ ਲਈ ਗੁਆਚ ਗਿਆ, ਮੁੜ ਕੇ ਉਧਰ ਨੂੰ ਕਿਸੇ ਨੇ ਜਾਣਾ ਤਾਂ ਦੂਰ ਦੀ ਗੱਲ ਕਿਸੇ ਨੇ ਝਾਕਣਾ ਵੀ ਮੁਨਾਸਬ ਨਾ ਸਮਝਿਆ। ਜੇ ਮਈ, ਜੂਨ ਦੇ ਮਹੀਨੇ ਮਹਾਰਾਸ਼ਟਰ, ਕਰਨਾਟਕ, ਆਂਧਰਾ ਪ੍ਰਦੇਸ਼, ਬੰਗਾਲ ਤੇ ਤਾਮਿਲਨਾਡੂ ਦੇ ਉਨ੍ਹਾਂ ਹਿੱਸਿਆਂ ਦਾ ਗੇੜਾ ਕੱਢੀਏ, ਜਿੱਥੇ ਪਾਣੀ ਨੂੰ ਰੱਬ ਵਾਂਗ ਪੂਜਿਆ ਜਾਂਦਾ ਹੈ ਤਾਂ ਪਾਣੀ ਦੀ ਕਦਰ ਸ਼ਾਇਦ ਸਾਡੀ ਸਮਝ ਵਿੱਚ ਆ ਜਾਵੇ। ਦੇਸ਼ ਦੇ ਕਈ ਹਿੱਸੇ ਅਜਿਹੇ ਵੀ ਹਨ, ਜਿੱਥੇ ਪਾਣੀ ਨੂੰ ਲੁੱਟਿਆ ਜਾਂਦਾ ਹੈ ਤੇ ਪਾਣੀ ਖ਼ਾਤਰ ਕਿਸੇ ਦੀ ਜਾਨ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ।

ਮੱਧ ਪ੍ਰਦੇਸ਼ ਦਾ ਇਕ ਹਿੱਸਾ ਅਜਿਹਾ ਹੈ, ਜਿੱਥੇ ਸ਼ਹਿਰ ਤੋਂ ਬਹੁਤ ਦੂਰ ਪਿੰਡਾਂ ਅੰਦਰ ਪਾਣੀ ਦੀ ਗੱਡੀ ਆਉਣ ’ਤੇ ਢੋਲ-ਢਮੱਕੇ ਨਾਲ ਉਸ ਦਾ ਸਵਾਗਤ ਕੀਤਾ ਜਾਂਦਾ ਹੈ ਤੇ ਫਿਰ ਮਾਰਾਮਾਰੀ ਰਾਹੀਂ ਪਾਣੀ ਨੂੰ ਇਕ-ਦੂਜੇ ਤੋਂ ਖੋਹਿਆ ਜਾਂਦਾ ਹੈ। ਬਹੁਤ ਥਾਈਂ ਇਹ ਵਰਤਾਰਾ ਅੱਜ ਵੀ ਜਾਰੀ ਹੈ। ਇਸ ਦੇ ਮੁਕਾਬਲੇ ਕੁਦਰਤ ਨੇ ਪੰਜਾਬ ਦੀ ਰੰਗਲੀ ਧਰਤੀ ਨੂੰ ਜ਼ਰਖੇਜ਼ ਜ਼ਮੀਨ ਦੇ ਨਾਲ-ਨਾਲ ਅੰਮ੍ਰਿਤ ਵਰਗਾ ਪਾਣੀ ਵੀ ਦਿੱਤਾ ਹੈ। ਪੰਜਾਬ ਦੇ ਤਿੰਨਾਂ ਖਿੱਤਿਆਂ ਮਾਝਾ, ਮਾਲਵਾ ਤੇ ਦੋਆਬਾ ਤੋਂ ਬਾਅਦ ਪੁਆਧ ਦੇ ਹਿੱਸੇ ਅੰਦਰ ਕਈ ਇਲਾਕਿਆਂ ਦਾ ਮਿੱਠਾ ਪਾਣੀ, ਜਿਸ ਨੂੰ ਪੀ ਕੇ ਇਨਸਾਨ ਅੰਦਰ ਸਰੂਰ ਦੀਆਂ ਬੁਛਾੜਾਂ ਖਿੜ ਜਾਂਦੀਆਂ ਸਨ ਤੇ ਪਾਣੀ ਦੇ ਚਸ਼ਮਿਆਂ ਵਿੱਚੋਂ ਅੰਮ੍ਰਿਤ ਦੀ ਵਰਖਾ ਹੋਇਆ ਕਰਦੀ ਸੀ। ਚਿੱਟੀ ਕਪਾਹ ਦੀਆਂ ਫੁੱਟੀਆਂ ਵਰਗਾ ਪਾਣੀ ਮਨੁੱਖ ਨੂੰ ਕੁਦਰਤ ਦਾ ਕਦਰਵਾਨ ਹੋਣ ਦੀ ਦੁਹਾਈ ਪਾਉਂਦਾ ਜਾਪਦਾ ਸੀ। ਪਾਣੀ ਨੂੰ ਪਵਿੱਤਰ ਮੰਨ ਕੇ ਇਨਸਾਨ ਉਸ ਦੀ ਝੂਠੀ ਸਹੁੰ ਖਾਣ ਤੋਂ ਵੀ ਖ਼ੌਫ਼ ਖਾਂਦਾ ਸੀ। ਸ਼ਾਇਦ ਉਸ ਸਮੇਂ ਸਾਨੂੰ ਅੱਜ ਜਿੰਨਾ



ਗਿਆਨ ਹੀ ਨਹੀਂ ਸੀ, ਇਸੇ ਲਈ ਅਸੀਂ ਪਾਣੀ ਦੇ ਕਦਰਦਾਨ ਸੀ। ਅਫ਼ਸੋਸ ਹੁਣ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦੇ ਰੇਲਵੇ ਸਟੇਸ਼ਨ ਅਤੇ ਹੋਰ ਥਾਵਾਂ ’ਤੇ ਵੀ ਪਾਣੀ ਖ਼ਰੀਦਣ ਲਈ ਕਤਾਰਾਂ ਲੱਗਦੀਆਂ ਹਨ ਤੇ ਉੱਚੀ ਆਵਾਜ਼ ਵਿੱਚ ਲੱਗ ਰਹੇ ਹੋਕੇ ਇੱਥੋਂ ਦੀ ਆਉਣ ਵਾਲੇ ਸਮੇਂ ਦੀ ਦਰਦ ਕਹਾਣੀ ਨੂੰ ਸ਼ਰ੍ਹੇਆਮ ਦਰਸਾਉਂਦੇ ਨਜ਼ਰ ਆਉਂਦੇ ਹਨ। ਕੋਈ ਸਮਝੇ ਜਾਂ ਨਾ, ਅਜੇ ਕਿਸੇ ਨੂੰ ਕੋਈ ਫ਼ਰਕ ਪਵੇ ਜਾਂ ਨਾ, ਪਰ ਹਾਲਾਤ ਜਿਸ ਭਿਆਨਕ ਹੋਣੀ ਵੱਲ ਇਸ਼ਾਰਾ ਕਰਦੇ ਹਨ, ਉਹ ਕਿਸੇ ਤੋਂ ਲੁਕੀ ਹੋਈ ਨਹੀਂ। ਧਰਤੀ ਦਾ ਜਿਸਮ ਪਾੜ ਕੇ 450 ਫੁੱਟ ਤੱਕ ਕੀਤੇ ਸਬਮਰਸੀਬਲਾਂ ਦੇ ਬੋਰਾਂ ਅੰਦਰੋਂ ਹੁਣ ਉਹ ਮਹਿਕ ਨਹੀਂ ਆਉਂਦੀ, ਜੋ ਕੁਝ ਸਾਲ ਪਹਿਲਾਂ ਇਕ ਕਿਸਾਨ ਵਲੋਂ ਗਰੀਬੀ ਨਾਲ ਜੂਝਦਿਆਂ 70 ਫੁੱਟ ਤੱਕ ਕੀਤੇ ਬੋਰ ਵਿੱਚੋਂ ਆਉਂਦੀ ਸੀ।

ਪੰਜਾਬ ਦੇ ਬਹੁਤ ਸਾਰੇ ਇਲਾਕੇ ਇਸ ਸਮੇਂ ਖ਼ਤਰੇ ਦੇ ਜ਼ੋਨ ਵਿੱਚ ਆ ਚੁੱਕੇ ਹਨ। ਕਈ ਹਲਕਿਆਂ ਅੰਦਰ ਧਰਤੀ ਹੇਠਲੇ ਪਾਣੀ ਦੀ ਸਤ੍ਹਾ ਦਾ ਪੱਧਰ 150 ਫੁੱਟ ਤੱਕ ਜਾ ਪਹੁੰਚਿਆ ਹੈ। ਉਸ ਵਿੱਚੋਂ ਵੀ ਸੜ੍ਹਾਂਦ ਮਾਰਦੀ ਬਦਬੂ ਤੇ ਜਿਲਬ ਦੀ ਪਕੜ ਸਾਫ਼ ਵਿਖਾਈ ਦਿੰਦੀ ਹੈ ਕਿ ਇੰਝ ਅਸੀਂ ਬੇਰਹਿਮੀ ਨਾਲ ਕੰਕਰੀਟ ਦੇ ਜੰਗਲ ਉਸਾਰਦਿਆਂ-ਉਸਾਰਦਿਆਂ ‘ਅੰਮ੍ਰਿਤ ਦਾ ਕਤਲ’ ਕਰ ਦਿੱਤਾ, ਜਿਸ ਦਾ ਦੋਸ਼ੀ ਕੋਈ ਹੋਰ ਨਹੀਂ, ਸਗੋਂ ਅਸੀਂ ਖ਼ੁਦ ਹਾਂ। ਸਾਨੂੰ ਤਾਂ ਕੁਦਰਤ ਨੇ ਪੰਜ ਪਾਣੀਆਂ ਦੇ ਮਾਲਕ ਬਣਾ ਦਿੱਤਾ ਸੀ, ਪਰ ਅਸੀਂ ਇਕ ਦੇ ਵੀ ਨਾ ਰਹੇ। 1970 ਤੋਂ ਹਰੇ ਇਨਕਲਾਬ ਦੀ ਸ਼ੁਰੂਆਤ। ਅੰਨ੍ਹੇਵਾਹ ਬੇਰਹਿਮੀ ਨਾਲ ਪੁੱਤਾਂ ਵਾਂਗੂ ਪਾਲੇ ਦਰੱਖਤਾਂ ਦੀ ਕਟਾਈ ਜਾਂ ਸਾਡੀ ਮੂਰਖਤਾ ਦੀ ਸਿਖਰ, ਦੋਸ਼ੀ ਕਿਸ ਨੂੰ ਮੰਨੀਏ, ਫ਼ੈਸਲਾ ਅਸੀਂ ਆਪ ਹੀ ਕਰਨਾ ਹੈ। ਧਰਤੀ ਦੀ ਹਿੱਕ ਪਾੜ ਕੇ ਉਸ ਵਿੱਚ ਯੂਰੀਏ ਵਰਗੀ ਰਸਾਇਣ ਨੂੰ ਮਿਲਾ ਕੇ ਪਤਾ ਨਹੀਂ ਅਸੀਂ ਕੀ ਸਿੱਧ ਕਰਨਾ ਚਾਹੁੰਦੇ ਹਾਂ? ਫੈਕਟਰੀਆਂ ਅੰਦਰ ਮਨੁੱਖੀ ਜ਼ਿੰਦਗੀਆਂ ਨੂੰ ਤਬਾਹ ਕਰਨ ਵਾਲੇ ਰਸਾਇਣਾਂ ਦੇ 10 ਇੰਚ ਪਾਈਪ ਧਰਤੀ ਦੀ ਹਿੱਕ ਵਿਚ ਸੁੱਟ ਕੇ ਉਸ ਨੂੰ ਅੱਗ ਦੇ ਭਾਂਬੜ ਬਣਨ ਲਈ ਮਜ਼ਬੂਰ ਕਰਨ ਦੀ ਕਹਾਣੀ ਕਿਸੇ ਦੀ ਸਮਝ ਵਿੱਚ ਕਿਉਂ ਨਹੀਂ ਆ ਰਹੀ? ਪੰਜਾਬੀਓ, ਹੁਣ ਸ਼ਾਇਦ ਬਹੁਤਾ ਸਮਾਂ ਨਹੀਂ ਲੱਗੇਗਾ, ਪਾਣੀ ਦੇ ਖ਼ਤਮ ਹੋਣ ਦੀ ਕਹਾਣੀ ਨੇੜੇ ਆ ਪਹੁੰਚੀ ਹੈ। ਛੇਤੀ ਹੀ ਪੰਜਾਬ ਜ਼ਹਿਰੀਲਾ ਮਾਰੂਥਲ ਬਣਨ ਵੱਲ ਵਧ ਰਿਹਾ ਹੈ। ਹਵਾਈ ਅੱਡਿਆਂ, ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ, ਬਾਜ਼ਾਰਾਂ ਤੇ ਦੁਕਾਨਾਂ ਅੰਦਰ ‘ਪੰਜਾਂ ਪਾਣੀਆਂ ਦੇ ਮਾਲਕਾਂ’ ਨੂੰ ਬੋਤਲਾਂ ਵਿੱਚ ਭਰੇ ਪਾਣੀ ਦੀ ਖ਼ਰੀਦ ਕਰਦਿਆਂ ਆਮ ਵੇਖਿਆ ਜਾ ਸਕਦਾ ਹੈ। ਜੇ ਅਸੀਂ ਸੱਚੇ ਮਨੋਂ ਅੰਮ੍ਰਿਤ ਰੂਪੀ ਪਾਣੀ ਦੀ ਕਦਰ ਕਰਨਾ ਚਾਹੁੰਦੇ ਹਾਂ, ਤਾਂ ਕਿਸੇ ਵੀ ਰੂਪ ਵਿੱਚ ਪਾਣੀ ਦੀ ਹੋ ਰਹੀ ਦੁਰਵਰਤੋਂ ਨੂੰ ਰੋਕ ਕੇ ਆਪਣਾ ਫ਼ਰਜ਼ ਜ਼ਰੂਰ ਨਿਭਾਓ। ਜੇ ਫਿਰ ਵੀ ਸਾਡੀ ਸਮਝ ਵਿੱਚ ਕੁਝ ਨਾ ਆਵੇ ਤਾਂ ਰਾਜਸਥਾਨ ਦੇ ਉਸ ‘ਬੰਦੇ ਖਾਣੇ’ ਭਿਆਨਕ ਮਾਰੂਥਲ ਨੂੰ ਇਕ ਵਾਰ ਯਾਦ ਜ਼ਰੂਰ ਕਰੋ ਤਾਂ ਕਿ ਸਾਨੂੰ ਪਾਣੀ ਦੀ ਕਦਰ ਪਤਾ ਲੱਗੇ।

# ਜੂਨ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ, **ਸੰਗ੍ਰਹਿ ਕਰਤਾ** : ਅਮਿਤ ਕੌਲ, ਰਵਿੰਦਰ ਸਿੰਘ ਚੰਦੀ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਦਿਲਪ੍ਰੀਤ ਤਲਵਾਰ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ ।

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।

**ਸਜਾਵਟੀ ਬੂਟੇ**

**ਗੁਲਦਾਉਦੀ** : ਇਸ ਮਹੀਨੇ ਦੇ ਦੂਜੇ ਜਾਂ ਤੀਜੇ ਹਫ਼ਤੇ ਗੁਲਦਾਉਦੀ ਦੀਆਂ ਨਰਮ ਟੂਸੇ ਦੀਆਂ ਕਲਮਾਂ ਲਾ ਦਿਓ । ਕਲਮਾਂ ਬਣਾਉਣ ਲਈ ਗੁਲਦਾਉਦੀ ਦੇ ਬੂਟਿਆਂ ਦੇ 5-7 ਸੈਂਮੀ. ਲੰਬੇ ਟੂਸੇ ਤੋੜ




ਕੇ ਹੇਠਲੇ ਦੋ-ਤਿਹਾਈ ਹਿੱਸੇ ਤੋਂ ਪੱਤੇ ਤੋੜ ਦਿਓ ਅਤੇ ਛਾਂ ਹੇਠ ਰੇਤ ਜਾਂ ਪਰਾਲੀ ਦੀ ਸੁਆਹ ਨਾਲ ਭਰੀ ਪਲੱਗ ਟਰੇਅ ਜਾਂ ਨਰਸਰੀ ਬੈੱਡਾਂ ਵਿੱਚ ਲਗਾ ਦਿਓ ।

**ਮੌਸਮੀ ਫੁੱਲ** : ਬਰਸਾਤ ਰੁੱਤ ਦੇ ਮੌਸਮੀ ਫੁੱਲ ਜਿਵੇਂ ਕਿ ਬਾਲਸਮ, ਗੈਲਾਰਡੀਆ, ਕੌਸਮੌਸ, ਕੁੱਕੜ ਕਲਗੀ ਆਦਿ ਦੀ ਪਨੀਰੀ ਨਰਸਰੀ ਬੈੱਡ ਉੱਪਰ ਤਿਆਰ ਕਰਨੀ ਸ਼ੁਰੂ ਕਰ ਦਿਓ । ਬਾਲਸਮ ਦੇ ਬੀਜ ਨੂੰ ਕਿਆਰੀਆਂ ਵਿੱਚ ਸਿੱਧਾ ਹੀ ਬੀਜਿਆ ਜਾ ਸਕਦਾ ਹੈ ।

**ਲਾਅਨ** : ਇਸ ਮਹੀਨੇ ਲਾਅਨ ਨੂੰ ਹਫ਼ਤੇ ਵਿੱਚ ਦੋ ਵਾਰੀ ਪਾਣੀ ਜ਼ਰੂਰ ਦਿਓ । ਜ਼ਿਆਦਾ ਗਿੱਲ ਹੋਣ ਤੇ ਘਾਹ ਉੱਪਰ ਨਾ ਤੁਰੋ ।

**ਪੱਕੇ ਬੂਟੇ** : ਨਵੇਂ ਲੱਗੇ ਬੂਟਿਆਂ ਨੂੰ ਧੁੱਪ ਅਤੇ ਲੂੰ ਤੋਂ ਬਚਾਉਣ ਲਈ ਸਰਕੰਡੇ ਦੀ ਛਾਂ ਕਰੋ । ਬੋਗਨਵੇਲੀਆ ਦੇ ਪੌਦਿਆਂ ਦੀਆਂ ਕਿਸਮਾਂ ਜਿਨ੍ਹਾਂ ਦੇ ਫੁੱਲ ਖਤਮ ਹੋ ਚੁੱਕੇ ਹਨ, ਉਨ੍ਹਾਂ ਦੀ ਕਾਂਟ-ਛਾਂਟ ਕਰ ਦਿਓ । ਪੱਕੇ ਬੂਟਿਆਂ ਨੂੰ ਹਫ਼ਤੇ ਵਿੱਚ ਦੋ ਵਾਰ ਪਾਣੀ ਜ਼ਰੂਰ ਦਿਓ ਅਤੇ ਗਰਮੀਆਂ ਵਾਲੇ ਪੱਤੇਦਾਰ ਪੌਦਿਆਂ ਨੂੰ ਇਕੱਠੇ ਕਰ ਕੇ ਰੱਖੋ ।

**ਗਮਲਿਆਂ ਵਾਲੇ ਬੂਟੇ** : ਗਮਲਿਆਂ ਵਿੱਚ ਲੱਗੇ ਬੂਟਿਆਂ ਨੂੰ ਲੋੜ ਅਨੁਸਾਰ ਪਾਣੀ ਦਿਓ ਤਾਂ ਜੋ ਮਿੱਟੀ ਵਿੱਚ ਨਮੀਂ ਬਣੀ ਰਹੇ । ਬਹੁਤਾ ਪਾਣੀ ਦੇਣ ਤੋਂ ਗੁਰੇਜ਼ ਕਰੋ । ਗਮਲਿਆਂ ਵਾਲੇ ਪੌਦਿਆਂ ਨੂੰ ਇਕੱਠੇ ਕਰਕੇ ਗਰੁੱਪ ਬਣਾ ਕੇ ਰੱਖੋ



ਤਾਂ ਜੋ ਅਨੁਕੂਲ ਸੂਖਮ ਜਲਵਾਯੂ ਪ੍ਰਦਾਨ ਕੀਤਾ ਜਾ ਸਕੇ ।

**ਗੁਲਾਬ** : ਗਰਮੀ ਦੇ ਮੌਸਮ ਵਿੱਚ ਗੁਲਾਬ ਦੇ ਪੌਦਿਆਂ ਨੂੰ ਪਾਣੀ ਦੀ ਜ਼ਿਆਦਾ ਜ਼ਰੂਰਤ ਹੁੰਦੀ ਹੈ । ਪਰ ਫਿਰ ਵੀ ਬੂਟਿਆਂ ਨੂੰ ਜ਼ਿਆਦਾ ਪਾਣੀ ਦੇਣ ਤੋਂ ਗੁਰੇਜ਼ ਕਰੋ । ਸਮੇਂ-ਸਮੇਂ ਤੇ ਜੜ੍ਹੂਏ, ਬਿਮਾਰ ਅਤੇ ਸੁੱਕੀਆਂ ਟਾਹਣੀਆਂ ਨੂੰ ਕੱਟਦੇ ਰਹੋ । ਫੁੱਲ ਡੋਡੀ ਪੈਣ ਤੇ ਉਸ ਨੂੰ ਕੱਟਦੇ ਰਹੋ ।

**ਡੇਅਰੀ ਫਾਰਮਿੰਗ**

1. ਮੱਝਾਂ ਵਿੱਚ ਗਰਮੀ ਦੇ ਮਹੀਨਿਆਂ ਵਿੱਚ ਗੂੰਗੇ ਹੇਹੇ ਦੀ ਮੁਸ਼ਕਿਲ ਆ ਜਾਂਦੀ ਹੈ । ਸਵੇਰੇ-ਸਵੇਰੇ ਅਤੇ ਸ਼ਾਮ ਵੇਲੇ ਹੇਹੇ ਦੀਆਂ ਨਿਸ਼ਾਨੀਆਂ ਨੂੰ ਧਿਆਨ ਨਾਲ



ਵੇਖਣਾ ਚਾਹੀਦਾ ਹੈ । ਜੇ ਮੱਝਾਂ ਤਾਰਾਂ ਕਰਦੀਆਂ ਹਨ ਤਾਂ ਇਹ ਹੇਹੇ ਦੀ ਨਿਸ਼ਾਨੀ ਹੈ । ਪਸ਼ੂਆਂ ਨੂੰ ਹੇਹੇ ਵਿੱਚ ਆਉਣ ਦੇ 10-12 ਘੰਟੇ ਬਾਅਦ ਗਰਭਦਾਨ ਕਰਵਾਓ ।

2. ਜੇ ਪਸ਼ੂਆਂ ਨੂੰ ਗਲ-ਘੋਟੂ ਅਤੇ ਪੱਟ ਸੋਜ ਦੇ ਟੀਕੇ ਨਾ ਲਗਵਾਏ ਹੋਣ ਤਾਂ ਇਹ ਬਿਮਾਰੀਆਂ ਵੱਡਾ ਨੁਕਸਾਨ ਕਰ ਸਕਦੀਆਂ ਹਨ । ਸੋ ਜੇ ਟੀਕੇ ਪਹਿਲਾਂ ਨਹੀਂ ਲਵਾਏ ਤਾਂ ਲਵਾ ਲੈਣੇ ਚਾਹੀਦੇ ਹਨ ।

3. ਪਸ਼ੂਆਂ ਨੂੰ ਚਿੱਚੜਾਂ, ਜੂੰਆਂ, ਮੱਖੀਆਂ ਅਤੇ ਮਲੱਪਾਂ ਤੋਂ ਬਚਾਉਣਾ ਚਾਹੀਦਾ ਹੈ । ਸੋ, ਇਨ੍ਹਾਂ ਦੇ ਖਾਤਮੇ ਲਈ ਡਾਕਟਰ ਦੀ ਸਲਾਹ ਨਾਲ ਦਵਾਈ ਦਾ ਸਹੀ ਇਸਤੇਮਾਲ ਕਰਨਾ ਚਾਹੀਦਾ ਹੈ ।

4. ਇਸ ਮੌਸਮ ਵਿੱਚ ਪਸ਼ੂਆਂ ਨੂੰ ਹਵਾਦਾਰ ਸ਼ੈਡ ਅੰਦਰ ਰੱਖੋ । ਉਨ੍ਹਾਂ ਨੂੰ ਠੰਡਾ ਅਤੇ ਤਾਜ਼ਾ ਪਾਣੀ ਦਿਓ । ਵਧੇਰੇ ਦੁੱਧ ਦੇਣ ਵਾਲੇ ਪਸ਼ੂਆਂ ਦਾ ਇਸ ਮੌਸਮ ਵਿੱਚ ਖਾਸ ਖਿਆਲ ਰੱਖਣਾ ਚਾਹੀਦਾ ਹੈ । ਜੇ ਲੋੜ ਹੋਵੇ ਤਾਂ ਸ਼ੈਡ ਅੰਦਰ ਕੂਲਰ ਅਤੇ ਛੱਤ ਵਾਲੇ ਪੱਖ ਮੁਹੱਈਆ ਕਰਨੇ ਚਾਹੀਦੇ ਹਨ ਅਤੇ ਪਾਣੀ ਦੇ ਛਿੜਕਾਅ ਲਈ ਫੁਹਾਰੇ ਲਗਾਓ, ਤਾਂ ਜੋ ਲੋੜੀਂਦਾ ਤਾਪਮਾਨ ਬਰਕਰਾਰ ਰੱਖਿਆ ਜਾ ਸਕੇ ।

5. ਜੇ ਗਰਮੀ ਨਾਲ ਪਸ਼ੂ ਦੀ ਨਕਸੀਰ ਫੁੱਟ ਜਾਵੇ ਤਾਂ ਉਸ ਦਾ ਸਿਰ ਉਪਰ ਚੁੱਕ ਕੇ ਬਰਫ ਵਾਲਾ ਠੰਡਾ ਪਾਣੀ ਸਿਰ ਉਪਰ ਪਾਉਣਾ ਚਾਹੀਦਾ ਹੈ । ਜੇ ਪਸ਼ੂਆਂ ਦਾ ਤਾਪ ਵੱਧਦਾ ਹੋਵੇ ਤਾਂ ਨੇੜੇ ਦੀ ਲੈਬਾਰਟਰੀ ਤੋਂ ਖੂਨ ਟੈਸਟ ਕਰਵਾਉਣਾ ਚਾਹੀਦਾ ਹੈ ।

6. ਪਸ਼ੂਆਂ ਨੂੰ ਖੁਰਾਕ ਠੰਡੇ ਵੇਲੇ, ਭਾਵ ਸਵੇਰੇ ਅਤੇ ਸ਼ਾਮ ਨੂੰ ਪਾਓ ।

7. ਜੇਕਰ ਪਸ਼ੂ ਨੂੰ ਬੁਖ਼ਾਰ ਜ਼ਿਆਦਾ ਹੈ ਤਾਂ ਡਾਕਟਰੀ ਸਲਾਹ ਨਾਲ ਵਧੀਆ ਲੈਬਾਰਟਰੀ ਤੋਂ ਖੂਨ ਦੀ ਜਾਂਚ ਕਰਵਾਓ ।

**ਮੁਰਗੀ ਪਾਲਣ**

1. ਪਾਣੀ ਦੀ ਵੱਧਦੀ ਹੋਈ ਮੰਗ ਦੇਖਦੇ ਹੋਏ ਪਾਣੀ ਵਾਲੇ ਬਰਤਨਾਂ ਦੀ ਗਿਣਤੀ ਦੁੱਗਣੀ ਕਰ ਦੇਣੀ ਚਾਹੀਦੀ ਹੈ



। ਪਾਣੀ ਨੂੰ ਜ਼ਿਆਦਾ ਵਾਰ ਬਦਲਣਾ ਚਾਹੀਦਾ ਹੈ ਤਾਂ ਜੋ ਮੁਰਗੀਆਂ ਨੂੰ ਠੰਡਾ ਪਾਣੀ ਮਿਲ ਸਕੇ ।

2. ਸ਼ੈਡ ਵਿੱਚ ਫੁਹਾਰੇ ਲਗਾਓ ਅਤੇ ਕੂਲਰ ਲਗਾਓ । ਸ਼ੈਡ ਦੇ ਆਲੇ-ਦੁਆਲੇ ਰੁੱਖ ਲਗਾਉਣੇ ਚਾਹੀਦੇ ਹਨ ਕਿਉਂਕਿ ਹਰਿਆਵਲ ਗਰਮੀ ਨੂੰ ਘਟਾਉਂਦੀ ਹੈ ।

3. ਸ਼ੈਡ ਦੀ ਛੱਤ ਨੂੰ ਚਿੱਟੀ ਕਲੀ ਕਰ ਦੇਣੀ ਚਾਹੀਦੀ ਹੈ ਤਾਂ ਜੋ ਗਰਮੀ ਦੇ ਅਸਰ ਨੂੰ ਘੱਟ ਕੀਤਾ ਜਾ ਸਕੇ ।

4. ਖੁਰਾਕ ਵਿੱਚ ਪ੍ਰੋਟੀਨ, ਧਾਤਾਂ, ਇਲੈਕਟਰੋਲਾਈਟ ਅਤੇ ਵਿਟਾਮਿਨ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ ਤਾਂ ਜੋ ਮੁਰਗੀਆਂ ਨੂੰ ਲੋੜੀਂਦੇ ਤੱਤ ਮਿਲ ਸਕਣ ।

5. ਵੱਧ ਰਹੀਆਂ ਪੱਠਾਂ (6-10 ਹਫ਼ਤੇ) ਨੂੰ ਦਿਨ ਦੀ ਰੌਸ਼ਨੀ ਹੀ ਦੇਣੀ ਚਾਹੀਦੀ ਹੈ ਪਰ ਅੰਡੇ ਦੇ ਰਹੀਆਂ ਮੁਰਗੀਆਂ ਨੂੰ ਤੜਕੇ ਸਵੇਰੇ ਅਤੇ ਰਾਤ ਨੂੰ ਬਲਬਾਂ ਦੀ ਰੌਸ਼ਨੀ ਦੇ ਕੇ 16 ਘੰਟੇ ਰੌਸ਼ਨੀ ਪੂਰੀ ਕਰ ਦੇਣੀ ਚਾਹੀਦੀ ਹੈ ।

6. ਛੱਤ ਉਪਰ ਸਰਕੰਡੇ ਦੀ 2 ਇੰਚ ਮੋਟੀ ਤਹਿ ਵਿਛਾਓ ਤਾਂ ਜੋ ਸ਼ੈਡ ਅੰਦਰਲੇ ਤਾਪਮਾਨ ਨੂੰ ਘਟਾਇਆ ਜਾ ਸਕੇ ।

7. 6-8 ਹਫ਼ਤੇ ਦੀ ਉਮਰ ਤੇ ਪੱਠਾਂ ਨੂੰ ਰਾਣੀ ਖੇਤ ਦੇ ਆਰ-2 ਬੀ ਟੀਕੇ ਲਗਾਉਣੇ ਚਾਹੀਦੇ ਹਨ । ਇਹ ਦਵਾਈ ਪਾਣੀ ਜਾਂ ਲੱਸੀ ਵਿੱਚ ਨਹੀਂ ਪਿਲਾਉਣੀ ਚਾਹੀਦੀ । ਟੀਕੇ ਲੱਗੀਆਂ ਮੁਰਗੀਆਂ ਨੂੰ ਵਿਟਾਮਿਨ ਪਾਣੀ ਵਿੱਚ ਦੇਣੇ ਚਾਹੀਦੇ ਹਨ ਤਾਂ ਜੋ ਟੀਕਿਆਂ ਦੇ ਮਾੜੇ ਅਸਰ ਨੂੰ ਘਟਾਇਆ ਜਾ ਸਕੇ ।

8. ਜੇ ਆਂਡਿਆਂ ਦੀ ਪੈਦਾਵਾਰ ਵਿੱਚ ਅਚਾਨਕ ਗਿਰਾਵਟ ਆ ਜਾਵੇ ਤਾਂ ਮੁਰਗੀਆਂ ਦੇ ਮਾਹਿਰ ਨਾਲ ਸੰਪਰਕ ਕਰਨਾ ਚਾਹੀਦਾ ਹੈ ।

9. ਸੁੱਕ ਵਿਧੀ ਸਿਸਟਮ ਵਿੱਚ ਮੁਰਗੀਆਂ ਨੂੰ ਸਮੇਂ ਸਿਰ ਮਲ੍ਹੱਪ ਰਹਿਤ ਕਰੋ ।

10. ਮੁਰਗੀਆਂ ਨੂੰ ਖੁਰਾਕ ਠੰਡੇ ਸਮੇਂ ਭਾਵ ਸਵੇਰੇ ਅਤੇ ਸ਼ਾਮ ਨੂੰ ਪਾਓ ਅਤੇ ਫੀਡ ਵਿੱਚ ਤੇਲ ਦੀ ਮਾਤਰਾ 1-2% ਤੱਕ ਵਧਾ ਦਿਓ ਤਾਂ ਜੋ ਗਰਮੀਆਂ ਵਿੱਚ ਊਰਜਾ ਦੀ ਲੋੜ ਨੂੰ ਪੂਰਾ ਕੀਤਾ ਜਾ ਸਕੇ । ਛੱਤ ਉੱਪਰ ਪਾਣੀ ਦੀ ਟੰਕੀ ਪੂਰੀ ਨਾ ਭਰੋ ।

11. ਪਾਣੀ ਵਿੱਚ 250 ਮਿਲੀਲਿਟਰ ਸਿਰਕਾ ਅਤੇ 120 ਮਿਲੀਲਿਟਰ ਸੈਨੀਟਾਈਜ਼ਰ 100 ਲਿਟਰ ਪਾਣੀ ਵਿੱਚ ਪਾਓ ਤਾਂ ਜੋ ਬਿਮਾਰੀ ਪੈਦਾ ਕਰਨ ਵਾਲੇ ਕੀਟਾਣੂਆਂ ਦਾ ਖਾਤਮਾ ਕੀਤਾ ਜਾ ਸਕੇ ਅਤੇ 10 ਗ੍ਰਾਮ ਨਸ਼ਾਦਰ 100 ਲਿਟਰ ਪਾਣੀ ਵਿੱਚ ਪਾਓ ਤਾਂ ਜੋ ਪਾਣੀ ਵਿੱਚ ਠੰਡਕ ਪੈਦਾ ਕੀਤੀ ਜਾ ਸਕੇ ।

**ਸ਼ਹਿਦ ਦੀਆਂ ਮੱਖੀਆਂ ਪਾਲਣਾ** : ਇਸ ਮੌਸਮ ਵਿੱਚ ਸ਼ਹਿਦ ਦੀਆਂ ਮੱਖੀਆਂ ਨੂੰ ਗਰਮੀ ਤੋਂ ਬਚਾਉਣ ਲਈ ਕਟੁੰਬਾਂ ਨੂੰ ਸੰਘਣੀ ਛਾਂ ਹੇਠ ਰੱਖਣ ਦਾ ਪ੍ਰਬੰਧ ਕਰੋ । ਸੰਘਣੀ ਛਾਂ ਵਾਲੇ ਦਰੱਖਤਾਂ ਦੀ ਅਣਹੋਂਦ ਵਿੱਚ ਸ਼ੇਡ-ਨੈਟ ਆਦਿ ਨਾਲ ਛਾਂ ਦਾ ਪ੍ਰਬੰਧ ਕਰੋ । ਪਾਣੀ ਦੀ ਵਧੀ ਹੋਈ ਜ਼ਰੂਰਤ ਨੂੰ ਪੂਰਾ ਕਰਨ ਲਈ ਟਿਊਬਵੈੱਲ ਦੇ ਪਾਣੀ ਨਾਲ ਟੈਂਕ ਵਿੱਚ ਦਰਖਤਾਂ ਦੀਆਂ ਛੋਟੀਆਂ-ਛੋਟੀਆਂ ਟਹਿਣੀਆਂ ਜਾਂ ਫੱਟੀਆਂ ਦੇ ਟੁਕੜੇ ਸੁੱਟ ਦਿਓ ਜਿਨ੍ਹਾਂ ਉੱਪਰ ਬੈਠ ਕੇ ਸ਼ਹਿਦ ਮੱਖੀਆਂ ਪਾਣੀ ਲੈ ਸਕਣ । ਪਾਣੀ ਦੀ ਜ਼ਰੂਰਤ ਕਟੁੰਬਾਂ ਹੇਠ ਰੱਖੇ ਸਟੈਂਡਾਂ ਦੇ ਪਾਵਿਆਂ ਹੇਠ ਪਾਣੀ ਦੇ ਠੂਹਲੇ ਰੱਖ ਕੇ ਵੀ ਪੂਰੀ ਕੀਤੀ ਜਾ ਸਕਦੀ ਹੈ ਜਿਸ ਦਾ ਇੱਕ ਹੋਰ ਫਾਇਦਾ ਕਟੁੰਬਾਂ ਨੂੰ ਕੀੜੀਆਂ ਤੋਂ ਬਚਾਉਣਾ ਵੀ ਹੈ । ਕਟੁੰਬਾਂ ਨੂੰ ਹਵਾਦਾਰ ਬਨਾਉਣ ਲਈ ਬੌਟਮ ਬੋਰਡ ਤੇ ਬਰੂਡ ਚੈਂਬਰ ਦੇ ਵਿਚਕਾਰ, ਅਤੇ ਬਰੂਡ ਚੈਂਬਰ ਦੇ ਅੰਦਰਲੇ ਢੱਕਣ ਦੇ ਵਿਚਕਾਰ, ਪਤਲੇ-ਪਤਲੇ ਡੱਕੇ ਰੱਖ ਰੇਕੀਸ਼ ਬਣਾਈ ਜਾ ਸਕਦੀ ਹੈ ਜਿਸ ਵਿੱਚੋਂ ਹਵਾ ਤਾਂ ਨਿਕਲ ਸਕੇ ਪ੍ਰੰਤੂ ਸ਼ਹਿਦ ਮੱਖੀ ਨਾ ਲੰਘ ਸਕੇ । ਬਰੂਡ ਚੈਂਬਰ ਨੂੰ ਬੌਟਮ ਬੋਰਡ ਤੋਂ ਥੋੜਾ ਹਿਲਾ ਕੇ ਅਤੇ ਇਸੇ ਤਰ੍ਹਾਂ ਸੁਪਰ ਚੈਂਬਰ ਨੂੰ ਬਰੂਡ ਚੈਂਬਰ ਤੋਂ ਥੋੜ੍ਹਾ ਹਿਲਾ ਕੇ ਵੀ ਕਟੁੰਬਾਂ ਨੂੰ ਹਵਾਦਾਰ ਬਣਾਉਣ ਲਈ ਬਰੀਕ ਮੱਖੀ-ਟਾਈਟ ਝੀਥ ਬਣਾਈ ਜਾ ਸਕਦੀ ਹੈ । ਅੰਦਰਲੇ ਢੱਕਣ ਵਿੱਚ ਲੱਗੀ ਜਾਲੀ ਬਿਲਕੁਲ ਸਾਫ਼ ਰੱਖੋ । ਇਸ ਮੌਸਮ ਦੌਰਾਨ ਸੂਰਜਮੁਖੀ ਫ਼ਸਲ ਦਾ ਪੱਕਿਆ ਹੋਇਆ ਸ਼ਹਿਦ ਉਪਲਬਧ ਹੋਣ ਤੇ ਕਟੁੰਬਾਂ ਦੇ ਬਰੂਡ-ਰਹਿਤ ਛੱਤਿਆਂ ਵਿੱਚੋਂ ਸ਼ਹਿਦ ਕੱਢ ਲੈਣਾ ਚਾਹੀਦਾ ਹੈ । ਨੈਕਟਰ ਦੀ ਆਮਦ ਦੌਰਾਨ ਬਰੂਡ ਚੈਂਬਰ ਅਤੇ ਸੁਪਰ ਚੈਂਬਰ ਵਿਚਾਲੇ ਲੇਟਵੀਂ ਰਾਣੀ ਨਿਖੇੜੂ ਜਾਲੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ । ਰੋਬਿੰਗ (ਮੱਖੀਆਂ ਦੁਆਰਾ ਖੁਰਾਕ ਦੀ ਲੁੱਟ) ਦੀ ਸਮੱਸਿਆ ਤੋਂ ਬਚਣ ਲਈ ਸ਼ਹਿਦ ਕੱਢਣ ਦੌਰਾਨ ਅਤੇ ਬਾਅਦ ਵਿੱਚ ਸਾਰੇ ਸਬੰਧਤ ਲੋੜੀਂਦੇ ਇਹਤਿਆਤ ਜ਼ਰੂਰ ਵਰਤਣੇ ਚਾਹੀਦੇ ਹਨ ।

## ਖੁੰਬਾਂ ਦੀ ਕਾਸ਼ਤ

ਸਰਦ ਰੁੱਤ ਦੀਆਂ ਖੁੰਬਾਂ ਜਿਵੇਂ ਕਿ ਬਟਨ ਖੁੰਬ ਅਤੇ ਢੀਂਗਰੀ ਖੁੰਬ ਦੀ ਕਾਸ਼ਤ ਲਈ ਇਸ ਮਹੀਨੇ ਦੌਰਾਨ ਤਾਜ਼ੀ ਤੂੜੀ ਨੂੰ ਜਮ੍ਹਾਂ ਕਰੋ । ਬਟਨ ਅਤੇ ਮਿਲਕੀ ਖੁੰਬ ਦੀ ਕੇਸਿੰਗ ਮਿਟੀ ਬਣਾਉਣ ਲਈ ਚੰਗੀ ਤਰ੍ਹਾਂ ਗਲੀ ਹੋਈ ਰੂੜੀ ਖਾਦ ਨੂੰ ਸੁੱਕੀ ਥਾਂ ਤੇ ਜਮ੍ਹਾਂ ਕਰਕੇ ਰੱਖੋ । ਪਰਾਲੀ ਦੇ ਪੂਲਿਆਂ (1.5 ਕਿਲੋ) ਦੀ ਵਰਤੋਂ



ਕਰਕੇ ਜੂਨ ਮਹੀਨੇ ਵਿੱਚ ਪਰਾਲੀ ਖੁੰਬ ਦੀ ਕਾਸ਼ਤ ਕੀਤੀ ਜਾ ਸਕਦੀ ਹੈ । ਪਰਾਲੀ ਦੇ ਬੈੱਡਾਂ ਤੇ ਰੋਜ਼ਾਨਾ ਦੋ ਵਾਰ ਪਾਣੀ ਦਾ ਛਿੜਕਾਅ ਕਰੋ । ਇਸ ਤਰ੍ਹਾਂ ਫ਼ਸਲ ਦੀ ਤੁੜਾਈ ਇੱਕ ਮਹੀਨੇ ਤੱਕ ਜਾਰੀ ਰਹਿੰਦੀ ਹੈ । ਮਿਲਕੀ ਖੁੰਬ ਦੇ ਲਿਫਾਫੇ ਜਿੰਨ੍ਹਾਂ ਵਿੱਚ ਰੇਸ਼ਾ ਪੂਰੀ ਤਰ੍ਹਾਂ ਫੈਲਿਆ ਹੋਵੇ, 1 ਇੰਚ ਮੋਟੀ ਕੇਸਿੰਗ ਮਿਟੀ (ਕੀਟਾਣੂ ਰਹਿਤ ਰੂੜੀ ਖਾਦ ਅਤੇ ਰੇਤਲੀ ਮਿੱਟੀ 4:1 ਜਾਂ ਕੀਟਾਣੂ ਰਹਿਤ ਰੂੜੀ ਖਾਦ ਅਤੇ ਕੋਕੋਪੀਟ 1:1) ਦੀ ਪਰਤ ਵਿਛਾ ਦਿਓ । ਕੇਸਿੰਗ ਮਿੱਟੀ ਦੀ ਵਰਤੋਂ ਤੋਂ ਬਾਅਦ, ਰੋਜ਼ਾਨਾ ਲਿਫਾਫਿਆਂ ਨੂੰ ਪਾਣੀ ਦਿਓ ਅਤੇ ਕੇਸਿੰਗ ਕੀਤੇ ਲਿਫਾਫਿਆਂ ਵਿੱਚ 15-17 ਦਿਨਾਂ ਬਾਅਦ ਮਿਲਕੀ ਖੁੰਬ ਦੇ ਕਿਣਕੇ ਨਜ਼ਰ ਆਉਣੇ ਸ਼ੁਰੂ ਹੋ ਜਾਂਦੇ ਹਨ । ਇਸ ਤਰ੍ਹਾਂ ਮਿਲਕੀ ਖੁੰਬ ਦੀ ਫ਼ਸਲ ਦੀ ਤੁੜਾਈ 30-40 ਦਿਨਾਂ ਤੱਕ ਜਾਰੀ ਰਹਿੰਦੀ ਹੈ ।

# ਵਾਤਾਵਰਨ ਸ਼ੁੱਧ ਬਣਾਈਏ, ਕੁਦਰਤ ਦੇ ਨੇੜੇ ਜਾਈਏ



**ਆਪਣੇ ਚੌਗਿਰਦੇ ਨੂੰ ਸਾਫ ਸੁਥਰਾ ਰੱਖਣਾ, ਸੜਕ ਸਲੀਕੇ ਦੀ ਪਾਲਣਾ ਕਰਨਾ ਤੇ ਵਾਤਾਵਰਨ ਦੀ ਸਾਂਭ-ਸੰਭਾਲ ਲੋਕਾਂ ਦੀ ਜ਼ਿੰਮੇਵਾਰੀ ਹੁੰਦੀ ਹੈ। ਜਦੋਂ ਤਕ ਲੋਕ ਆਪਣਾ ਯੋਗਦਾਨ ਨਹੀਂ ਪਾਉਂਦੇ ਉਦੋਂ ਤਕ ਸਵੱਛ ਭਾਰਤ ਦਾ ਸੁਪਨਾ ਕਦੇ ਪੂਰਾ ਨਹੀਂ ਹੋ ਸਕਦਾ। ਪੰਜਾਬ ਨੂੰ ਦੇਸ਼ ਦਾ ਵਿਕਸਤ ਸੂਬਾ ਮੰਨਿਆ ਜਾਂਦਾ ਹੈ। ਸ਼ਹਿਰਾਂ ਅਤੇ ਪਿੰਡਾਂ ਵਿਚ ਸਾਰੇ ਪਾਸੇ ਪੱਕੇ ਮਕਾਨ, ਬਿਜਲੀ, ਪਾਣੀ ਦੀ ਸਹੂਲਤ ਅਤੇ ਪੱਕੀਆਂ ਸੜਕਾਂ, ਵਧੀਆ ਦਿੱਖ ਪ੍ਰਦਾਨ ਕਰਦੇ ਹਨ ਪਰ ਚੌਗਿਰਦੇ ਦੀ ਸਾਫ ਸਫਾਈ ਦੀ ਘਾਟ ਇਥੇ ਵੀ ਰੜਕਦੀ ਹੈ। ਗਲੀਆਂ ਅਤੇ ਸੜਕਾਂ ਕੰਢੇ ਕੂੜੇ ਦੇ ਢੇਰ ਨਜ਼ਰ ਆਉਂਦੇ ਹਨ ਜਿਥੇ ਕਿਸੇ ਦਾ ਮਨ ਕਰੇ ਖਾਲੀ ਲਿਫਾਫੇ, ਕਾਗਜ, ਫਲਾਂ ਦੇ ਛਿਲਕੇ ਤੇ ਥੁੱਕ ਸੁੱਟ ਦਿੰਦਾ ਹੈ। ਚੌਗਿਰਦੇ ਦੀ ਗੰਦਗੀ ਨਾਲ ਇਥੋਂ ਦਾ ਵਾਤਾਵਰਣ ਵੀ ਪਲੀਤ ਹੋ ਗਿਆ ਹੈ।**

ਡਾ. ਰਣਜੀਤ ਸਿੰਘ

ਇਸ ਵਿਚ ਕੋਈ ਸ਼ਕ ਨਹੀਂ ਕਿ ਸਾਡਾ ਦੇਸ਼ ਪ੍ਰਾਚੀਨ ਸਭਿਅੱਤਾ ਦਾ ਮਾਲਕ ਹੈ। ਇਸ ਉਤੇ ਅਸੀਂ ਮਾਣ ਵੀ ਬਹੁਤ ਕਰਦੇ ਹਾਂ ਪਰ ਇਹ ਵੀ ਸੱਚ ਹੈ ਕਿ ਸਾਡੇ ਦੇਸ਼ ਦਾ ਨਾਂ ਸਭ ਤੋਂ ਗੰਦੇ ਦੇਸ਼ਾਂ ਵਿਚ ਸ਼ੁਮਾਰ ਹੈ। ਹਰ ਪਾਸੇ ਗੰਦਗੀ ਦੇ ਢੇਰ ਸਵਾਗਤ ਕਰਦੇ ਹਨ। ਸਦੀਆਂ ਦੀ ਗੁਲਾਮੀ ਨੇ ਸਾਡੇ ਵਿਚੋਂ ਆਪਣੇ ਆਪ ਅਤੇ ਆਪਣੇ ਦੇਸ਼ ਉਤੇ ਮਾਣ ਕਰਨਾ ਭੁਲਾ ਦਿੱਤਾ ਸੀ। ਵਿਦੇਸ਼ਾਂ ਦੇ ਮੁਕਾਬਲੇ ਅਸੀਂ ਆਪਣੇ ਦੇਸ਼, ਬੋਲੀ ਅਤੇ ਸੱਭਿਅਤਾ ਨੂੰ ਘਟੀਆ ਸਮਝਣ ਲਗ ਪਏ ਹਾਂ। ਸੰਸਾਰ ਨੂੰ ਸਲੀਕੇ ਦਾ ਪਾਠ ਪੜ੍ਹਾਉਣ ਵਾਲਾ ਦੇਸ਼ ਆਪ ਸਲੀਕਾ ਵਿਹੂਣਾ ਹੋ ਗਿਆ ਸੀ। ਲੋਕਰਾਜ ਵਿਚ ਸਰਕਾਰ ਤੋਂ ਵੀ ਵੱਧ ਜ਼ਿੰਮੇਵਾਰੀ ਲੋਕਾਂ ਦੀ ਹੁੰਦੀ ਹੈ। ਕਾਇਦੇ ਕਾਨੂੰਨ ਦੀ ਪਾਲਣਾ ਕਰਾਉਣਾ ਸਿਰਫ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਹੁੰਦੀ, ਲੋਕਾਂ ਦਾ ਸਹਿਯੋਗ ਵੀ ਜ਼ਰੂਰੀ ਹੋ ਜਾਂਦਾ ਹੈ। ਆਪਣੇ ਚੌਗਿਰਦੇ ਨੂੰ ਸਾਫ ਸੁਥਰਾ ਰੱਖਣਾ, ਸੜਕ ਸਲੀਕੇ ਦੀ ਪਾਲਣਾ ਕਰਨਾ ਤੇ ਵਾਤਾਵਰਨ ਦੀ ਸਾਂਭ-ਸੰਭਾਲ ਲੋਕਾਂ ਦੀ ਜ਼ਿੰਮੇਵਾਰੀ ਹੁੰਦੀ ਹੈ। ਜਦੋਂ ਤਕ ਲੋਕ ਆਪਣਾ ਯੋਗਦਾਨ ਨਹੀਂ ਪਾਉਂਦੇ ਉਦੋਂ ਤਕ ਸਵੱਛ ਭਾਰਤ ਦਾ ਸੁਪਨਾ ਕਦੇ ਪੂਰਾ ਨਹੀਂ ਹੋ ਸਕਦਾ। ਪੰਜਾਬ ਨੂੰ ਦੇਸ਼ ਦਾ ਵਿਕਸਤ ਸੂਬਾ ਮੰਨਿਆ ਜਾਂਦਾ ਹੈ। ਸ਼ਹਿਰਾਂ ਅਤੇ ਪਿੰਡਾਂ ਵਿਚ ਸਾਰੇ ਪਾਸੇ ਪੱਕੇ ਮਕਾਨ, ਬਿਜਲੀ, ਪਾਣੀ ਦੀ ਸਹੂਲਤ ਅਤੇ ਪੱਕੀਆਂ ਸੜਕਾਂ, ਵਧੀਆ ਦਿੱਖ ਪ੍ਰਦਾਨ ਕਰਦੇ ਹਨ ਪਰ ਚੌਗਿਰਦੇ ਦੀ ਸਾਫ ਸਫਾਈ ਦੀ ਘਾਟ ਇਥੇ ਵੀ ਰੜਕਦੀ ਹੈ। ਗਲੀਆਂ ਅਤੇ ਸੜਕਾਂ ਕੰਢੇ ਕੂੜੇ ਦੇ ਢੇਰ ਨਜ਼ਰ ਆਉਂਦੇ ਹਨ ਜਿਥੇ ਕਿਸੇ ਦਾ ਮਨ ਕਰੇ ਖਾਲੀ ਲਿਫਾਫੇ, ਕਾਗਜ, ਫਲਾਂ ਦੇ ਛਿਲਕੇ ਤੇ ਥੁੱਕ ਸੁੱਟ ਦਿੰਦਾ ਹੈ। ਚੌਗਿਰਦੇ ਦੀ ਗੰਦਗੀ ਨਾਲ ਇਥੋਂ ਦਾ ਵਾਤਾਵਰਣ ਵੀ ਪਲੀਤ ਹੋ ਗਿਆ ਹੈ। ਪਵਨ, ਪਾਣੀ ਅਤੇ ਧਰਤੀ ਪ੍ਰਦੂਸ਼ਿਤ ਹੋ ਰਹੇ ਹਨ। ਕੁਦਰਤ ਦੇ ਰੂਪ ਵਿਚ ਕਾਦਰ ਦੀ ਇਸ ਸੰਸਾਰ ਨੂੰ ਸਭ ਤੋਂ ਵੱਡੀ ਦੇਣ ਹਵਾ, ਪਾਣੀ ਅਤੇ ਧਰਤੀ ਦੀ ਹੈ। ਅਸਲ ਵਿਚ ਇਨ੍ਹਾਂ ਤਿੰਨਾਂ ਬਗੈਰ ਸੰਸਾਰ ਅਤੇ ਇਥੇ ਜੀਵਨ ਅਸੰਭਵ ਹੈ। ਇਸੇ ਕਰਕੇ ਮੁੱਢ ਕਦੀਮ ਤੋਂ ਮਨੁੱਖ ਇਨ੍ਹਾਂ ਨੂੰ ਪਵਿੱਤਰ ਮੰਨਦਾ ਆ ਰਿਹਾ ਹੈ ਅਤੇ ਇਨ੍ਹਾਂ ਦੀ ਪੂਜਾ ਕਰਦਾ ਰਿਹਾ ਹੈ। ਗੁਰੂ ਨਾਨਕ ਸਾਹਿਬ ਨੇ ਤਾਂ ਪਵਨੁ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਹੈ।

ਇਸੇ ਕਰਕੇ ਸਾਡੇ ਵਡੇਰੇ ਇਨ੍ਹਾਂ ਦੀ ਪੂਜਾ ਕਰਦੇ ਸਨ। ਆਧੁਨਿਕਤਾ ਦੇ ਪ੍ਰਭਾਵ ਹੇਠ ਅਸੀਂ ਇਸ ਨੂੰ ਅੰਧ-ਵਿਸ਼ਵਾਸ ਆਖਣਾ ਸ਼ੁਰੂ ਕਰ ਦਿੱਤਾ ਹੈ। ਚੌਗਿਰਦੇ ਦੀ ਸਾਂਭ-ਸੰਭਾਲ ਅਤੇ ਹਵਾ ਪਾਣੀ ਤੇ ਧਰਤੀ ਦੀ ਸ਼ੁੱਧਤਾ ਬਣਾਈ ਰੱਖਣਾ ਸਾਡੀ ਸਾਰਿਆਂ ਦੀ ਜ਼ੁੰਮੇਵਾਰੀ ਹੈ। ਅਸੀਂ ਇਹ ਆਖਣ ਲੱਗ ਪਏ ਹਾਂ ਕਿ ਇਹ ਕੰਮ ਸਰਕਾਰ, ਨਗਰ ਕਾਉਂਸਲ ਜਾਂ ਪਿੰਡ ਦੀ ਪੰਚਾਇਤ ਦਾ ਹੈ। ਲੋਕ ਕਾਰਜ ਵਿਚ ਜਿਥੇ ਸ਼ਹਿਰੀਆਂ ਨੂੰ ਬਹੁਤ ਸਾਰੇ ਅਧਿਕਾਰ ਪ੍ਰਾਪਤ ਹਨ ਉਥੇ ਉਨ੍ਹਾਂ ਦੀਆਂ ਕੁਝ ਜ਼ਿੰਮੇਵਾਰੀਆਂ ਵੀ ਹਨ। ਸਭ ਤੋਂ ਵੱਡੀ ਜ਼ਿੰਮੇਵਾਰੀ ਚੌਗਿਰਦੇ ਦੀ ਸਾਂਭ-ਸੰਭਾਲ ਕਰਨਾ ਹੈ ਅਤੇ ਵਾਤਾਵਰਣ ਦੀ ਸ਼ੁੱਧਤਾ ਬਣਾਈ ਰੱਖਣ ਵਿਚ ਯੋਗਦਾਨ ਪਾਉਣਾ ਹੈ। ਇਸ ਦਾ ਫਾਇਦਾ ਸਾਨੂੰ ਸਾਰਿਆਂ ਨੂੰ ਹੈ। ਸਾਫ ਸੁਥਰੇ ਚੌਗਿਰਦੇ ਵਿਚ ਰਹਿਣ ਨਾਲ ਬਹੁਤ ਸਾਰੀਆਂ ਬਿਮਾਰੀਆਂ ਨੂੰ ਰੋਕਿਆ ਜਾ ਸਕਦਾ ਹੈ। ਸਾਹ ਲੈਣ ਲਈ ਸਾਫ ਹਵਾ ਪ੍ਰਾਪਤ ਹੋਵੇਗੀ ਅਤੇ ਵਧੀਆ ਚੌਗਿਰਦਾ ਮਨ ਨੂੰ ਅਨੰਦਿਤ ਕਰੇਗਾ। ਉਤਸਾਹ ਵਿਚ ਵਾਧਾ ਹੋਵੇਗਾ ਤੇ ਚੜ੍ਹਦੀ ਕਲਾ ਦਾ ਅਹਿਸਾਸ ਹੋਵੇਗਾ। ਮਨੁੱਖ ਦੀ ਕਾਰਗੁਜ਼ਾਰੀ ਵੱਧ ਤੇ ਵਧੀਆ ਹੋ ਸਕੇਗੀ। ਗੰਦੇ ਚੌਗਿਰਦੇ ਅਤੇ ਪ੍ਰਦੂਸ਼ਿਤ ਵਾਤਾਵਰਣ ਕਾਰਣ ਬਿਮਾਰੀਆਂ ਵਿਚ ਵਾਧਾ ਹੋ ਰਿਹਾ ਹੈ। ਇਕ ਅੰਦਾਜੇ ਅਨੁਸਾਰ ਹਰ ਸਾਲ ਕੋਈ 40000 ਲੋਕ ਅਜਿਹੀਆਂ ਬਿਮਾਰੀਆਂ ਨਾਲ ਮਰਦੇ ਹਨ। ਜਿਹੜੀਆਂ ਪ੍ਰਦੂਸ਼ਣ ਨਾਲ ਫੈਲਦੀਆਂ ਹਨ, ਕੋਈ ਦੋ ਕਰੋੜ ਲੋਕ ਇਨ੍ਹਾਂ ਦਾ ਸ਼ਿਕਾਰ ਹਨ। ਇਹ ਆਮ ਵੇਖਿਆ ਜਾਂਦਾ ਹੈ ਕਿ ਬਹੁਤੇ ਲੋਕ ਆਪਣੇ ਘਰ ਨੂੰ ਸਾਫ ਕਰਕੇ ਕੂੜਾ ਬਾਹਰ, ਗਲੀ ਜਾਂ ਸੜਕ ਤੇ ਸੁੱਟ ਦਿੰਦੇ ਹਨ। ਅਸੀਂ ਇਹ ਭੁੱਲ ਜਾਂਦੇ ਹਾਂ ਕਿ



ਬਾਹਰ ਦੀ ਗੰਦਗੀ ਦੇ ਢੇਰਾਂ ਵਿਚੋਂ ਬਿਮਾਰੀਆਂ ਬਦਬੂ ਅਤੇ ਨਿਰਾਸ਼ਤਾ ਸਾਡੇ ਪੱਲੇ ਵੀ ਪੈਂਦੀ ਹੈ। ਰਾਹ ਚਲਦੇ ਫਲ ਖਾ ਕੇ ਛਿਲਕੇ ਰਾਹ ਵਿਚ ਆਮ ਸੁੱਟੇ ਜਾਂਦੇ ਹਨ। ਖਾਲੀ ਲਿਫਾਫਿਆਂ ਤੇ ਕਾਗਜਾਂ ਨਾਲ ਵੀ ਇਹੋ ਕੁਝ ਹੁੰਦਾ ਹੈ। ਰਾਹ ਵਿਚ ਥੁਕਣਾ ਤੇ ਜਿਥੇ ਜੀ ਕੀਤਾ ਆਪਣੇ ਆਪ ਨੂੰ ਹਲਕਾ ਕਰਨਾ ਆਪਣਾ ਜਨਮ ਸਿੱਧ ਅਧਿਕਾਰ ਸਮਝਿਆ ਜਾਂਦਾ ਹੈ।

ਆਪਣੇ ਆਪ ਨੂੰ ਅਸੀਂ ਸੰਸਾਰ ਦੇ ਸਭ ਤੋਂ ਵੱਧ ਧਾਰਮਿਕ ਰੁਚੀ ਵਾਲੇ ਮੰਨਦੇ ਹਾਂ। ਇਸੇ ਅਕੀਦੇ ਅਧੀਨ ਸਾਲ ਵਿਚ ਕਈ ਵਾਰ ਨਗਰ ਕੀਰਤਨ ਸ਼ੋਭਾ ਯਾਤਰਾ ਦਾ ਪ੍ਰਬੰਧ ਹੁੰਦਾ ਹੈ ਇਨ੍ਹਾਂ ਵਿਚ ਸ਼ਾਮਿਲ ਸੰਗਤ ਦੀ ਖ਼ੂਬ ਸੇਵਾ ਕੀਤੀ ਜਾਂਦੀ ਹੈ। ਥਾਂ ਥਾਂ ਲੰਗਰ ਲਗਾਏ ਜਾਂਦੇ ਹਨ ਪਰ ਜਦੋਂ ਉਥੋਂ ਸੰਗਤ ਅੱਗੇ ਲੰਘ ਜਾਂਦੀ ਹੈ ਤਾਂ ਪਿਛੇ ਸੜਕ ਪੇਪਰ ਪਲੇਟਾਂ ਕਪ ਤੇ ਖਾਣ-ਪੀਣ ਦੀਆਂ ਵਸਤਾਂ ਦੀ ਜੂਠ ਨਾਲ ਭਰ ਜਾਂਦੀ ਹੈ। ਇੰਝ ਪੁੰਨ ਕਮਾਉਣ ਦੀ ਥਾਂ ਅਸੀਂ ਗੰਦਗੀ ਖਿਲਾਰ ਦਿੰਦੇ ਹਾਂ। ਸਮਝਦਾਰੀ ਤਾਂ ਇਸ ਵਿਚ ਹੈ ਕਿ ਜਿਸ ਸ਼ਰਧਾ ਨਾਲ ਅਸੀਂ ਨਗਰ ਕੀਰਤਨ ਦੇ ਅਗੇ ਸਫਾਈ ਕਰਦੇ ਜਾਂਦੇ ਹਾਂ ਉਸੇ ਤਰ੍ਹਾਂ ਪਿੱਛੇ ਸਫਾਈ ਕੀਤੀ ਜਾਵੇ। ਅਮੀਰ ਗਰੀਬ, ਪੜ੍ਹੇ ਲਿਖੇ ਅਤੇ ਅਨਪੜ੍ਹ ਸਾਰੇ ਹੀ ਚੌਗਿਰਦੇ ਨੂੰ ਗੰਦਾ ਕਰਨ ਵਿਚ ਸ਼ਾਮਿਲ ਹਨ। ਕਾਰਖਾਨਿਆਂ ਦੀਆਂ ਚਿਮਨੀਆਂ ਵਿਚੋਂ ਨਿਕਲਦਾ ਧੂੰਆਂ ਜਿਥੇ ਹਵਾ ਨੂੰ ਗੰਦਲਾ ਕਰਦਾ ਹੈ ਉਥੇ ਕਾਰਖਾਨਿਆਂ ਦਾ ਗੰਦਾ ਪਾਣੀ ਦਰਿਆਵਾਂ ਨੂੰ ਗੰਦਲਾ ਕਰਦਾ ਹੈ। ਜਿਹੜੇ ਦਰਿਆਵਾਂ ਵਿਚ ਇਸ਼ਨਾਨ ਕਰਨ ਨਾਲ ਸਿਰਫ ਤਨ ਹੀ ਨਹੀਂ ਮਨ ਵੀ ਸ਼ੁੱਧ ਹੋ ਜਾਂਦਾ ਸੀ ਉਥੇ ਹੁਣ ਮੱਛੀਆਂ ਨੂੰ ਵੀ ਸਾਹ ਲੈਣਾ ਔਖਾ ਹੋ ਗਿਆ ਹੈ। ਜੇਕਰ ਸਾਡਾ ਵਾਹਨ ਧੂੰਆਂ ਮਾਰਦਾ ਹੈ ਤਾਂ ਅਸੀਂ ਇਸ ਨੂੰ ਠੀਕ ਕਰਵਾਉਣ ਦਾ ਯਤਨ ਨਹੀਂ ਕਰਦੇ। ਹੁਣ ਤਾਂ ਕਿਸਾਨ ਵੀ ਪਿੱਛੇ ਨਹੀਂ ਰਹੇ। ਕਣਕ-ਝੋਨੇ ਦੀ ਕਟਾਈ ਮਸ਼ੀਨਾਂ ਨਾਲ ਹੋਣ ਲਗ ਪਈ ਹੈ। ਖੇਤ ਵਿਚ ਖੜੇ ਨਾੜ ਨੂੰ ਕਾਨੂੰਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਅਗ ਲਗਾਈ ਜਾਂਦੀ ਹੈ। ਵਾਤਾਵਰਣ ਵਿਚ ਸਾਰੇ ਪਾਸੇ ਧੂੰਆਂ ਫੈਲ ਜਾਂਦਾ ਹੈ। ਜਨਤਕ ਜਾਇਦਾਦ ਨੂੰ ਲੋਕ ਹੀ ਸਭ ਤੋਂ ਵੱਧ ਗੰਦਾ ਕਰਦੇ ਹਨ। ਇਸ ਨੂੰ ਖਰਾਬ ਕਰਨ ਵਿਚ ਸ਼ਾਇਦ ਭਾਰਤੀ ਹੀ ਮੋਹਰੀ ਹਨ। ਜੇਕਰ ਸਾਰੇ ਨਾਗਰਿਕ ਚਾਹੁਣ ਤਾਂ ਦੇਸ਼ ਨੂੰ ਸਵੱਛ ਬਣਾਇਆ ਜਾ ਸਕਦਾ ਹੈ। ਇਹ ਕੋਈ ਮੁਸ਼ਕਿਲ ਕਾਰਜ ਨਹੀਂ ਹੈ। ਲੋੜ ਸਿਰਫ ਆਪਣੇ ਫਰਜਾਂ ਨੂੰ ਪਛਾਨਣ ਦੀ ਹੈ। ਸਾਫ ਸੁਥਰਾ ਚੌਗਿਰਦਾ ਸਾਡੇ ਲਈ ਹੀ ਗੁਣਕਾਰੀ ਹੈ। ਜੇਕਰ ਚੌਗਿਰਦਾ ਸਾਫ ਸੁਥਰਾ ਹੋਵੇਗਾ ਤਾਂ ਸੈਲਾਨੀ ਵੀ ਵੱਡੀ ਗਿਣਤੀ ਵਿਚ ਆਉਣਗੇ। ਇਸ ਨਾਲ ਰੁਜਗਾਰ ਵਿਚ ਵਾਧਾ ਹੋਵੇਗਾ। ਆਪਣੇ ਮੁਹੱਲੇ ਨੂੰ ਸਾਫ ਸੁਥਰਾ ਰੱਖਣ ਦੀ ਜ਼ਿੰਮੇਵਾਰੀ ਮੁਹੱਲਾ ਕਮੇਟੀ ਦੀ ਹੋਣੀ ਚਾਹੀਦੀ ਹੈ। ਮਹੀਨੇ ਵਿਚ ਇਕ ਵਾਰ ਮੁਹੱਲਾ ਵਾਸੀਆਂ ਨੂੰ ਰਲ ਕੇ ਮੁਹੱਲੇ ਦੀ ਸਫਾਈ ਕਰਨੀ ਚਾਹੀਦੀ ਹੈ।

ਕਈ ਸਕੂਲ ਕਾਲਜ ਤੇ ਦਫ਼ਤਰ ਅੰਦਰੋ ਬਾਹਰੋ ਸਾਫ ਸੁਥਰੇ ਨਜਰ ਆਉਂਦੇ ਹਨ ਪਰ ਬਹੁਤਿਆਂ ਤੇ ਸਫਾਈ ਵਲ ਧਿਆਨ ਨਹੀਂ ਦਿੱਤਾ ਜਾਂਦਾ। ਇਥੇ ਵੀ ਸਕੂਲ ਤੇ ਕਾਲਜਾਂ ਵਿਚ ਵਿਦਿਆਰਥੀਆਂ ਤੇ ਅਧਿਆਪਕਾਂ ਤੇ ਦਫ਼ਤਰ ਦੇ ਕਾਰਮਚਾਰੀਆਂ ਨੂੰ ਰਲ ਕੇ ਸਾਲ ਵਿਚ ਘਟੋ ਘਟ ਦੋ ਵਾਰ ਸਫਾਈ ਕਰਨੀ ਚਾਹੀਦੀ ਹੈ। ਇਹੋ ਜਿਹਾ ਬਹੁਤ ਸਾਰੇ ਦੇਸ਼ਾਂ ਵਿਚ ਕੀਤਾ ਜਾਂਦਾ ਹੈ। ਬਾਹਰ ਸਜਾਵਟੀ ਰੁੱਖ ਲਗਾਏ ਜਾਣ ਜਿਨ੍ਹਾਂ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਵਿਦਿਆਰਥੀਆਂ ਨੂੰ ਸੌਂਪੀ ਜਾਵੇ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਸੰਬੰਧਤ ਕਾਨੂੰਨਾਂ ਦੀ ਸਖਤੀ ਨਾਲ ਪਾਲਣਾ ਕਰਵਾਏ। ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਡੇ ਵਿਚ ਦੇਸ਼ਭਗਤੀ ਦੀ ਘਾਟ ਹੈ। ਬਹੁਤੇ ਕਰਮਚਾਰੀ ਤੇ ਲੀਡਰ ਸਿਰਫ ਆਪਣੇ ਬਾਰੇ ਹੀ ਸੋਚਦੇ ਹਨ। ਉਹ ਭੁੱਲ ਜਾਂਦੇ ਹਨ ਕਿ ਜਦੋਂ ਦੂਜੇ ਡੁੱਬਣਗੇ ਤਾਂ ਅਸੀਂ ਕਿਵੇਂ ਬੱਚ ਸਕਾਂਗੇ।

ਕਾਰਖਾਨਿਆਂ ਦੇ ਮਾਲਕ ਪੜ੍ਹੇ ਲਿਖੇ ਤੇ ਅਮੀਰ ਵਿਅਕਤੀ ਹਨ। ਉਹ ਖੁਦ ਨੂੰ ਦੇਸ਼ ਦੇ ਜ਼ਿੰਮਵਾਰ ਵਿਅਕਤੀ ਮੰਨਦੇ ਹਨ। ਪਰ ਹਵਾ ਤੇ ਪਾਣੀ ਨੂੰ ਗੰਦਲਾ ਕਰਨ ਵਲੋਂ ਉਨ੍ਹਾਂ ਕਦੇ ਸੰਕੋਚ ਨਹੀਂ ਕੀਤਾ। ਬਸਾਂ ਤੇ ਟਰੱਕਾਂ ਦੇ ਮਾਲਕ ਵੀ ਸੁਲਝੇ ਹੋਏ ਲੋਕ ਹੁੰਦੇ ਹਨ ਪਰ ਉਹ ਵੀ ਇਸ ਪਾਸੇ ਕੋਈ ਬਹੁਤਾ ਧਿਆਨ ਨਹੀਂ ਦਿੰਦੇ। ਆਮ ਤੌਰ ਤੇ ਅਸੀਂ ਇਹ ਆਖ ਕੇ ਬਰੀ ਹੋ ਜਾਂਦੇ ਹਾਂ ਕਿ ਮੇਰੇ ਇਕੱਲੇ ਦੇ ਯਤਨਾਂ ਨਾਲ ਕੀ ਹੋ ਸਕਦਾ ਹੈ ਪਰ ਅਸੀਂ ਭੁੱਲ ਜਾਂਦੇ ਹਾਂ ਕਿ ਸਾਰੇ ਇਸੇ ਤਰ੍ਹਾਂ ਸੋਚਦੇ ਹਨ। ਆਓ ਫ਼ਰਜ਼ਾਂ ਨੂੰ ਪਛਾਣੀਏ ਤੇ ਆਪਣੇ ਚੌਗਿਰਦੇ ਨੂੰ ਸਾਫ ਸੁਥਰਾ ਰੱਖਣ ਵਿਚ ਪੂਰਾ ਯੋਗਦਾਨ ਪਾਈਏ। ਇਸ ਦਾ ਨਤੀਜਾ ਲੁਧਿਆਣੇ ਵਿਚੋਂ ਲੰਘਦਾ ਬੁੱਢਾ ਦਰਿਆ ਹੁਣ ਗੰਦਾ ਨਾਲਾ ਬਣ ਗਿਆ ਹੈ ਜਿਹੜਾ ਮਾਲਵੇ ਤੇ ਰਾਜਿਸਤਾਨ ਵਿਚ ਕੈਂਸਰ ਲਈ ਜ਼ੁੰਮੇਵਾਰ ਹੈ।

ਵਾਤਾਰਨ ਦੀ ਸ਼ੁੱਧਤਾ ਅਤੇ ਵਧ ਰਹੀ ਤਪਸ਼ ਨੂੰ ਘਟ ਕਰਨ ਲਈ ਸਾਰਾ ਸੰਸਾਰ ਹੀ ਯਤਨਸ਼ੀਲ ਹੈ। ਸੰਯੁਕਤ ਰਾਸ਼ਟਰ ਨੇ 1972 ਵਿਚ ਇਹ ਫੈਸਲਾ ਕੀਤਾ ਸੀ ਕਿ ਸਾਰੇ ਸੰਸਾਰ ਵਿਚ ਪੰਜ ਜੂਨ ਦਾ ਦਿਨ ਵਾਤਾਵਰਣ ਸੰਭਾਲ ਦਿਵਸ ਦੇ ਰੂਪ ਵਿਚ ਮਨਾਇਆ ਜਾਵੇ। ਪਹਿਲੀ ਵੇਰ ਇਹ ਦਿਨ 1974 ਵਿਚ ਮਨਾਇਆ ਗਿਆ। ਇਸ ਦਿਨ ਸਾਰੇ ਸੰਸਾਰ ਵਿਚ ਲੋਕਾਈ ਨੂੰ ਸ਼ੁਧ ਵਾਤਾਵਰਣ ਦੀ ਲੋੜਬਾਰੇ ਜਾਗਰੂਕ ਕੀਤਾ ਜਾਂਦਾ ਹੈ। ਇਸ ਵਾਰ ਦਾ ਸੰਦੇਸ਼ ਹੈ, "ਕੁਦਰਤ ਨਾਲ ਸਾਂਝ ਰਚਾਈਏ, ਸੁੰਦਰ ਸੰਸਾਰ ਬਣਾਈਏ।" ਜਿਥੇ ਅਸੀਂ ਹਵਾ ਪਾਣੀ ਅਤੇ ਧਰਤੀ ਨੂੰ ਪਲੀਤ ਕੀਤਾ ਹੈ ਉਥੇ ਆਲਮੀ ਤਪਸ਼ ਵਿਚ ਵੀ ਵਾਧਾ ਕੀਤਾ ਹੈ। ਆਮ ਤੌਰ ਉਤੇ ਇਸ ਸਭ ਲਈ ਅਸੀਂ ਕਿਸਾਨਾਂ ਦੇ ਸਿਰ ਦੋਸ਼ ਮੜ੍ਹ ਪੱਲਾ ਝਾੜ ਲੈਂਦੇ ਹਾਂ। ਇਹ ਗਲਤ ਹੈ ਕਿਸਾਨ ਤਾਂ ਅੰਨਦਾਤਾ ਹੈ ਉਹ ਹਵਾ, ਪਾਣੀ ਤੇ ਧਰਤੀ ਦੀ ਵਰਤੋਂ ਲੋਕਾਈ ਦਾ ਢਿਡ ਭਰਨ ਲਈ ਕਰਦਾ ਹੈ ਪਰ ਅਸੀਂ ਇਨ੍ਹਾਂ ਨੂੰ ਗੰਦਾ ਆਪਣੀ ਸੁਖ ਸੁਵਿਧਾ ਲਈ ਕਰਦੇ ਹਾਂ। ਆਲਮੀ ਤਪਸ਼ ਲਈ ਵੀ ਗੱਡੀਆਂ ਦੀ ਭਰਮਾਰ, ਹਰੇਕ ਘਰ, ਦਫ਼ਤਰ, ਦੁਕਾਨ, ਸਭ ਵਿਚ ਏ ਸੀ ਤੇ ਫ੍ਰਿਜ ਇਸੇ ਤਪਸ਼ ਵਿਚ ਵਾਧਾ ਕਰਦੇ ਹਨ। ਆਲਮੀ ਵਧ ਰਹੀ ਤਪਸ਼ ਦੀ ਕੀਮਤ ਵੀ ਸਭ ਤੋਂ ਵਧ ਕਿਸਾਨਾਂ ਨੂੰ ਦੇਣੀ ਪੈਂਦੀ ਹੈ। ਇਸ ਦੀ ਮਿਸਾਲ ਇਸ ਵੇਰ ਹੋਇਆ ਕਣਕ ਦੇ ਝਾੜ ਦਾ ਨੁਕਸਾਨ ਹੈ। ਪੰਜਾਬ ਵਿਚ ਜੰਗਲ ਹੈ ਹੀ ਨਹੀਂ। ਸੜਕਾਂ ਕੰਢੇ ਜਿਹੜੇ ਰੁੱਖ ਸਨ ਉਹ ਸੜਕਾਂ ਚੌੜੀਆਂ ਕਰਨ ਦੀ ਭੇਟ ਚੜ੍ਹ ਰਹੇ ਹਨ। ਪੰਜਾਬ ਸਰਕਾਰ ਪੰਚਾਇਤੀ, ਜ਼ਮੀਨਾਂ ਤੋਂ ਨਜਾਇਜ਼ ਕਬਜੇ ਹਟਾ ਰਹੀਹੈ ਕਿਉਂ ਨਾ ਇਸ ਧਰਤੀ ਉਤੇ ਰੁੱਖ ਲਗਾਈਏ ਤੇ ਪੰਜਾਬ ਨੂੰ ਹੋਰ ਹਰਾ ਭਰਿਆ ਬਣਾਈਏ।

# ਜਨਮ ਤੋਂ ਬੁਢਾਪੇ ਤੱਕ ਮਨੁੱਖ ਦਾ ਸਾਥ ਨਿਭਾਉਂਦਾ ਹੈ 'ਦੁੱਧ'

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ,
410, ਚੰਦਰ ਨਗਰ, ਬਟਾਲਾ
(ਜ਼ਿਲ੍ਹਾ ਗੁਰਦਾਸਪੁਰ)
ਮੋ. 97816-46008

ਇਹ ਇਕ ਪ੍ਰਮਾਣਿਤ ਤੱਥ ਹੈ ਕਿ ਦੁੱਧ, ਦੁਨੀਆ ਦੇ ਹਰੇਕ ਮੁਲਕ ਵਿੱਚ ਮਿਲਣ ਵਾਲਾ ਭੋਜਨ ਹੈ ਤੇ ਇਕ ਚੰਗੀ ਤੇ ਪੌਸ਼ਟਿਕ ਖ਼ੁਰਾਕ ਵੀ ਹੈ। ਇਸ ਦੀ ਲੋੜ ਮਨੁੱਖ ਨੂੰ ਜਨਮ ਤੋਂ ਲੈ ਕੇ ਜੀਵਨ ਦੀ ਅੰਤਿਮ ਅਵਸਥਾ ਬੁਢਾਪੇ ਤੱਕ ਵੀ ਪੈਂਦੀ ਹੈ। ਸ਼ਾਕਾਹਾਰੀਆਂ ਸਮੇਤ ਅਨੇਕਾਂ ਮਾਸਾਹਾਰੀ ਜੀਵਾਂ ਵਿੱਚ ਵੀ ਬੱਚਿਆਂ ਦੀ ਮੁਢਲੀ ਖ਼ੁਰਾਕ ਦੁੱਧ ਹੀ ਹੈ।

ਸੱਭਿਆਚਾਰ ਦੇ ਪੱਖ ਤੋਂ ਜੇਕਰ ਗੱਲ ਕੀਤੀ ਜਾਵੇ ਤਾਂ ਪਤਾ ਲਗਦਾ ਹੈ ਕਿ ਆਮ ਭਾਰਤੀ ਘਰਾਂ ਵਿੱਚ ਰੋਜ਼ਾਨਾ ਹੀ ਦੁੱਧ ਜਾਂ ਫਿਰ ਦੁੱਧ ਤੋਂ ਬਣੀ ਚਾਹ ਜਾਂ ਲੱਸੀ ਪੀਣ ਦੀ ਆਦਤ ਹੈ। ਪ੍ਰਾਹੁਣਾਚਾਰੀ ਵਿੱਚ ਤਾਂ ਚਾਹ ਜਾਂ 'ਦੁੱਧ-ਪਤੀ' ਦਾ ਵਿਸ਼ੇਸ਼ ਸਥਾਨ ਹੈ। ਹਰੇਕ ਘਰ ਵਿੱਚ ਬੱਚਿਆਂ ਅਤੇ ਨੌਜਵਾਨਾਂ ਨੂੰ ਦੁੱਧ ਪੀਣ ਦੀ ਆਦਤ ਬਣਾਉਣ 'ਤੇ ਅਕਸਰ ਹੀ ਜ਼ੋਰ ਦਿੱਤਾ ਜਾਂਦਾ ਹੈ ਕਿਉਂਕਿ ਬੱਚਿਆਂ ਅਤੇ ਨੌਜਵਾਨਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਹਿਤ ਲੋੜੀਂਦੇ ਕਈ ਜ਼ਰੂਰੀ ਖ਼ੁਰਾਕੀ ਤੱਤ ਇਸ ਵਿੱਚ ਮੌਜੂਦ ਹਨ। ਹੱਡੀਆਂ ਦੀ ਮਜ਼ਬੂਤੀ ਲਈ ਦੁੱਧ ਨੂੰ ਕਾਫ਼ੀ ਲਾਹੇਵੰਦ ਮੰਨਿਆ ਜਾਂਦਾ ਹੈ। ਦੁੱਧ ਤੋਂ ਬਣੇ ਪਦਾਰਥ ਜਿਵੇਂ ਕਿ ਦਹੀਂ, ਪਨੀਰ, ਖੋਇਆ ਅਤੇ ਲੱਸੀ ਆਦਿ ਦਾ ਹਰੇਕ ਭਾਰਤੀ ਪਰਿਵਾਰ ਦੇ ਖਾਣ-ਪੀਣ ਦਾ ਅਹਿਮ ਅੰਗ ਹਨ। ਇਸ ਤੋਂ ਇਲਾਵਾ ਮਾਂ ਦੇ ਦੁੱਧ ਸੰਬੰਧੀ



ਸੱਭਿਆਚਾਰਕ ਅਤੇ ਵਿਗਿਆਨਕ ਪੱਖ ਦੱਸਦਾ ਹੈ ਕਿ ਮਾਂ ਦੇ ਦੁੱਧ ਦਾ ਬੱਚੇ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਵਿੱਚ ਵੱਡਾ ਯੋਗਦਾਨ ਹੁੰਦਾ ਹੈ। ਕਈ ਵਾਰ ਤਾਂ ਕਿਸੇ ਨੂੰ ਲਲਕਾਰਨ ਹਿੱਤ 'ਜੇ ਮਾਂ ਦਾ ਦੁੱਧ ਪੀਤਾ ਈ ਤਾਂ ਮੇਰਾ ਮੁਕਾਬਲਾ ਕਰ' ਜਿਹੇ ਵਾਕ ਬੋਲ ਦਿੱਤੇ ਜਾਂਦੇ ਹਨ। ਜੰਗ 'ਤੇ ਜਾਂਦੇ ਪੁੱਤ ਨੂੰ ਮਾਵਾਂ 'ਦੁੱਧ ਦੀ ਲਾਜ' ਰੱਖਣ ਦਾ ਵਾਸਤਾ ਵੀ ਪਾਉਂਦੀਆਂ ਹਨ। ਸਹੁਰੇ ਘਰ ਰਹਿੰਦੀ ਆਪਣੀ ਭੈਣ ਨੂੰ ਮਿਲਣ ਹਿਤ ਆਏ ਵੀਰ ਨੂੰ ਪੀਣ ਲਈ ਦੁੱਧ ਪੇਸ਼ ਕਰਦਿਆਂ ਭੈਣ ਆਖਦੀ ਹੈ, 'ਵੀਰਾ ਤੈਨੂੰ ਦੁੱਧ ਦਾ ਛੰਨਾ, ਤੇਰੇ ਬੋਤੇ ਨੂੰ ਗੁਆਰੇ ਦੀਆਂ ਫ਼ਲੀਆਂ। ਧਾਰਮਿਕ ਪੱਖ ਤੋਂ ਵੀ ਦੁੱਧ ਨੂੰ ਪਵਿੱਤਰ ਮੰਨਿਆ ਜਾਂਦਾ ਹੈ।

ਦੁੱਧ ਦੀ ਬਣਤਰ ਘੋਖਣ 'ਤੇ ਪਤਾ ਲਗਦਾ ਹੈ ਕਿ ਇਸ ਵਿੱਚ ਔਸਤਨ 87 ਫ਼ੀਸਦੀ ਦੇ ਕਰੀਬ ਪਾਣੀ ਤੇ ਬਾਕੀ 3.9 ਪ੍ਰਤੀਸ਼ਤ ਫੈਟ ਭਾਵ ਚਰਬੀ, 4.9 ਫ਼ੀਸਦੀ ਲੈਕਟੋਜ਼ ਅਤੇ 0.7 ਫ਼ੀਸਦੀ ਖਣਿਜ ਅਤੇ ਪ੍ਰੋਟੀਨ ਆਦਿ ਸ਼ਾਮਿਲ ਹੁੰਦੇ ਹਨ। ਦੁੱਧ ਦੀ ਪੈਦਾਵਾਰ ਅਤੇ ਖਪਤ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਦੋਵਾਂ ਖੇਤਰਾਂ ਵਿੱਚ ਭਾਰਤ, ਦੁਨੀਆ ਵਿੱਚ ਸਭ ਤੋਂ ਪਹਿਲਾ ਦਰਜਾ ਰਖਦਾ ਹੈ ਤੇ ਇਸ ਤੋਂ ਬਾਅਦ ਯਰੂਪੀਅਨ ਯੂਨੀਅਨ, ਅਮਰੀਕਾ, ਚੀਨ ਅਤੇ ਰੂਸ ਦੇ ਨਾਂਅ ਆਉਂਦਾ ਹੈ। ਵਿਸ਼ਵ ਪੱਧਰ 'ਤੇ ਸਾਲ 2024 ਵਿੱਚ ਸੰਸਾਰ ਪੱਧਰ 'ਤੇ ਦੁੱਧ ਦੀ ਪੈਦਾਵਾਰ 98.2 ਕਰੋੜ ਟਨ ਦੇ ਕਰੀਬ ਸੀ ਜਿਸ ਵਿੱਚੋਂ ਭਾਰਤ ਦਾ ਹਿੱਸਾ 24 ਏਕੜ ਟਨ ਦੇ ਕਰੀਬ ਸੀ। ਇਸੇ ਤਰ੍ਹਾਂ ਬੀਤੇ ਵਰ੍ਹੇ ਵਿੱਚ ਭਾਵ ਸੰਨ 2025 ਵਿੱਚ ਵਿਸ਼ਵ ਪੱਧਰ 'ਤੇ ਦੁੱਧ ਦਾ ਉਤਪਾਦਨ 99.27 ਕਰੋੜ ਟਨ ਸੀ ਤੇ ਇਸ ਵਿੱਚ ਭਾਰਤ ਦਾ ਯੋਗਦਾਨ 25.1 ਕਰੋੜ ਟਨ ਦੇ ਕਰੀਬ ਸੀ। ਤੇ ਭਾਰਤ ਮੁੜ ਤੋਂ 'ਨੰਬਰ ਵੰਨ' ਸੀ। ਗੌਰਤਲਬ ਹੈ ਕਿ ਭਾਰਤ ਨੇ ਇਹ ਦਰਜਾ ਸੰਨ 1998 ਤੋਂ ਬਰਕਰਾਰ ਰੱਖਿਆ ਹੋਇਆ ਹੈ।

ਜੀਵਨ ਵਿੱਚ ਦੁੱਧ ਦੀ ਮਹੱਤਤਾ ਦੇ ਮੱਦੇਨਜ਼ਰ ਦੁਨੀਆ ਭਰ ਵਿੱਚ 1 ਜੂਨ ਦੇ ਦਿਨ ਨੂੰ 'ਵਿਸ਼ਵ ਦੁੱਧ ਦਿਵਸ' ਵਜੋਂ ਮਨਾਇਆ ਜਾਂਦਾ ਹੈ ਤੇ ਇਸ ਦਿਨ ਦੁੱਧ ਦੇ ਲਾਭਾਂ ਸੰਬੰਧੀ ਵਿਸਥਾਰ ਨਾਲ ਚਰਚਾ ਕਰਦੇ ਸੈਮੀਨਾਰ, ਪਸ਼ੂ ਧਨ ਮੇਲੇ ਤੇ ਹੋਰ ਪ੍ਰੋਗਰਾਮ ਸੰਸਾਰ ਭਰ ਵਿੱਚ ਕਰਵਾਏ ਜਾਂਦੇ ਹਨ। ਇਸ ਦਿਵਸ ਨੂੰ ਮਨਾਉਣ ਦੀ ਸ਼ੁਰੂਆਤ ਸੰਨ 2001 ਵਿੱਚ ਸੰਯੁਕਤ ਰਾਸ਼ਟਰ ਸੰਘ ਦੀ ਜਥੇਬੰਦੀ 'ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ' ਦੇ ਯਤਨਾਂ ਸਦਕਾ ਕੀਤੀ ਗਈ ਸੀ। ਇਸ ਕੌਮਾਂਤਰੀ ਦਿਵਸ ਲਈ 1 ਜੂਨ ਦਾ ਹੀ ਚੁਣਨ ਦਾ ਮੁੱਖ ਕਾਰਨ ਇਹ ਵੀ ਸੀ ਕਿ ਦੁਨੀਆ ਦੇ ਬਹੁਤੇ ਮੁਲਕਾਂ ਵਿੱਚ ਵੱਖ-ਵੱਖ ਕਾਰਨਾਂ ਕਰਕੇ ਇਹ ਦਿਵਸ 1 ਜੂਨ ਨੂੰ ਹੀ ਮਨਾਇਆ ਜਾਂਦਾ ਸੀ।

ਇਹ ਵੀ ਸੱਚ ਹੈ ਕਿ ਮਨੁੱਖ ਲਈ ਦੁੱਧ ਕੇਵਲ ਇਕ ਸੰਤੁਲਿਤ ਖ਼ੁਰਾਕ ਹੀ ਨਹੀਂ ਹੈ ਸਗੋਂ ਇਹ ਰੋਜ਼ੀ ਰੋਟੀ ਦਾ ਵੀ ਇਕ ਵੱਡਾ ਸਾਧਨ ਹੈ। ਦੁਨੀਆ ਭਰ ਵਿੱਚ 60 ਕਰੋੜ ਤੋਂ 1 ਅਰਬ ਤੱਕ ਲੋਕਾਂ ਦੀ ਰੋਜ਼ੀ ਰੋਟੀ ਦੁੱਧ ਜਾਂ ਦੁੱਧ ਤੋਂ ਬਣੇ ਪਦਾਰਥਾਂ ਦੀ ਵਿੱਕਰੀ 'ਤੇ ਨਿਰਭਰ ਕਰਦੀ ਹੈ ਜਦੋਂ ਕਿ ਇਨ੍ਹਾਂ ਦੁੱਧ ਪਦਾਰਥਾਂ ਦਾ ਉਪਭੋਗ 600 ਕਰੋੜ ਲੋਕਾਂ ਵਲੋਂ ਹਰ ਰੋਜ਼ ਕੀਤਾ ਜਾਂਦਾ ਹੈ। ਭਾਰਤ ਸਰਕਾਰ ਵਲੋਂ ਜਾਰੀ ਅੰਕੜਿਆਂ ਅਨੁਸਾਰ ਭਾਰਤ ਵਿੱਚ ਸੰਨ 1950-51 ਵਿੱਚ 5.56 ਕਰੋੜ ਟਨ ਦੁੱਧ ਦਾ ਉਤਪਾਦਨ ਹੁੰਦਾ ਸੀ ਜੋ ਕਿ ਸਾਲ 2024-25 ਵਿੱਚ 485 ਗ੍ਰਾਮ ਤੱਕ ਪੁੱਜ ਗਿਆ ਸੀ। ਮਜ਼ੇਦਾਰ ਗੱਲ ਇਹ ਹੈ ਕਿ ਇਸ ਦੌਰਾਨ ਵਿਸ਼ਵ ਪੱਧਰ 'ਤੇ ਹਰੇਕ ਵਿਅਕਤੀ ਲਈ ਦੁੱਧ ਦੀ ਉਪਲਬਧਤਾ ਕੇਵਲ 322 ਗ੍ਰਾਮ ਪ੍ਰਤੀ ਦਿਨ ਸੀ।

ਜੇਕਰ ਭਾਰਤ ਦੇ ਛੇ ਮੁੱਖ ਦੁੱਧ ਉਤਪਾਦਕ ਰਾਜਾਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਵਿੱਚ ਸਭ ਤੋਂ ਪਹਿਲਾਂ ਨਾਂਅ ਉੱਤਰ ਪ੍ਰਦੇਸ਼ ਦਾ ਆਉਂਦਾ ਹੈ। ਇਸ ਤੋਂ



ਬਾਅਦ ਦਰਜਾ-ਬ-ਦਰਜਾ ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਮਹਾਰਾਸ਼ਟਰ ਅਤੇ ਪੰਜਾਬ ਆਦਿ ਰਾਜਾਂ ਦੇ ਨਾਂਅ ਸ਼ਾਮਿਲ ਕੀਤੇ ਜਾਂਦੇ ਹਨ। ਸੰਨ 2024-25 ਦੇ ਅੰਕੜਿਆਂ ਅਨੁਸਾਰ ਦੇਸ਼ ਦੇ ਕੁੱਲ ਦੁੱਧ ਉਤਪਾਦਨ ਵਿੱਚ ਸਭ ਤੋਂ ਵੱਧ 16 ਫ਼ੀਸਦੀ ਹਿੱਸਾ ਉੱਤਰ ਪ੍ਰਦੇਸ਼ ਵਲੋਂ ਪਾਇਆ ਗਿਆ ਸੀ ਜਦੋਂ ਕਿ ਪੰਜਾਬ ਦਾ ਯੋਗਦਾਨ ਸੱਤ ਤੋਂ ਅੱਠ ਫ਼ੀਸਦੀ ਦੇ ਕਰੀਬ ਪਾਇਆ ਗਿਆ ਸੀ। ਦੁੱਧ-ਪਦਾਰਥਾਂ ਦੇ ਨਿਰਯਾਤ ਦੀ ਜੇ ਗੱਲ ਕੀਤੀ ਜਾਵੇ ਤਾਂ ਪਤਾ ਲਗਦਾ ਹੈ ਕਿ ਅਮਰੀਕਾ, ਬੰਗਲਾਦੇਸ਼, ਅਫ਼ਗਾਨਿਸਤਾਨ, ਮਲੇਸ਼ੀਆ, ਪਾਕਿਸਤਾਨ ਅਤੇ ਸੰਯੁਕਤ ਅਰਬ ਅਮੀਰਾਤ ਆਦਿ ਸਣੇ ਵਿਦੇਸ਼ੀ ਮੁਲਕਾਂ ਨੂੰ ਭਾਰਤ ਨੇ ਸਾਲ 2024-25 ਦੌਰਾਨ 1, 13, 350 ਮੀਟ੍ਰਿਕ ਟਨ ਦੁੱਧ ਉਤਪਾਦ ਨਿਰਯਾਤ ਕੀਤੇ ਸਨ ਜਿਨ੍ਹਾਂ ਦੀ ਕੀਮਤ ਕੌਮਾਂਤਰੀ ਬਾਜ਼ਾਰ ਵਿੱਚ 49.286 ਕਰੋੜ ਡਾਲਰ ਬਣਦੀ ਸੀ।

ਸ਼ਾਕਾਹਾਰੀ ਲੋਕਾਂ ਲਈ ਦੁੱਧ ਅਤੇ ਦੁੱਧ ਉਤਪਾਦ ਦੀ ਸਰਬੋਤਮ ਖ਼ੁਰਾਕ ਮੰਨੇ ਜਾਂਦੇ ਰਹੇ ਹਨ ਪਰ ਬਦਲਦੇ ਸਮੇਂ ਅਤੇ ਬਦਲਦੀ ਦੁਨੀਆ ਵਿੱਚ ਦੁੱਧ ਉਤਪਾਦਾਂ ਨੂੰ ਭੰਡਣ ਅਤੇ ਘੱਟ ਵਰਤਣ ਦਾ ਪ੍ਰਚਾਰ ਚੱਲ ਪਿਆ ਹੈ। ਬਦਲਦੀ ਜੀਵਨ ਸ਼ੈਲੀ ਵਿੱਚ ਹੁਣ ਬੈਠ ਕੇ ਕੀਤੇ ਜਾਣ ਵਾਲੇ ਕੰਮਾਂ ਅਤੇ ਕੰਮ ਦੇ ਕੁੱਲ ਘੰਟਿਆਂ ਵਿੱਚ ਵਾਧਾ ਹੋਇਆ ਹੈ ਜਿਸ ਕਰਕੇ ਲੋਕ ਹੁਣ ਪਹਿਲਾਂ ਦੀ ਬਨਿਸਬਤ ਜ਼ਿਆਦਾ ਘਿਓ, ਪਨੀਰ, ਮੱਖਣ ਆਦਿ ਖਾਣ ਤੋਂ ਕਤਰਾਉਣ ਲੱਗ ਪਏ ਹਨ। ਦਿਲ ਦੇ ਰੋਗਾਂ ਅਤੇ ਖ਼ਾਸ ਕਰਕੇ ਦਿਲ ਨੂੰ ਜਾਣ ਵਾਲੀਆਂ ਨਾੜਾਂ ਵਿੱਚ ਚਰਬੀ ਦਾ ਜੰਮ ਜਾਣਾ ਅਤੇ ਉਪਰੰਤ ਡਾਕਟਰਾਂ ਦੀ ਰਾਇ ਦੁੱਧ ਉਤਪਾਦਾਂ ਦੀ ਵਰਤੋਂ ਘਟਾਉਣ ਪ੍ਰਤੀ ਲੋਕਾਂ ਅੰਦਰ ਜਾਗਰੂਕਤਾ ਪੈਦਾ ਕਰ ਰਹੇ ਹਨ। ਵਿਆਹਾਂ ਅਤੇ ਹੋਰ ਸਮਾਜਿਕ ਸਮਾਗਮਾਂ ਵਿੱਚ ਨਕਲੀ ਪਨੀਰ ਵਰਤਾਏ ਜਾਣ ਦੇ ਖ਼ਦਸ਼ਿਆਂ ਨੂੰ ਲੈ ਕੇ ਆਮ ਲੋਕਾਂ ਨੇ ਹੁਣ ਵਿਆਹਾਂ-ਸ਼ਾਦੀਆਂ, ਪਾਰਟੀਆਂ ਅਤੇ ਹੋਟਲਾਂ ਜਾਂ ਢਾਬਿਆਂ ਆਦਿ ਵਿੱਚ ਪਨੀਰ ਪਕੌੜੇ ਜਾਂ ਪਨੀਰ ਦੀ ਸਬਜ਼ੀ ਖਾਣ ਤੋਂ ਗੁਰੇਜ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਉਂਜ ਰਾਤ ਨੂੰ ਸੌਣ ਸਮੇਂ ਦੁੱਧ ਪੀਣਾ ਚਾਹੀਦਾ ਹੈ ਜਾਂ ਨਹੀਂ, ਇਸ ਬਾਰੇ ਵੱਖੋ-ਵੱਖ ਆਯੁਰਵੇਦ ਮਾਹਿਰਾਂ ਜਾਂ ਹੋਰ ਸਿਹਤ ਮਾਹਿਰਾਂ ਦੀ ਰਾਇ ਵੱਖ-ਵੱਖਰੀ ਹੈ।

ਬਹੁਤ ਹੀ ਦੁੱਖ ਦੀ ਗੱਲ ਹੈ ਕਿ ਭਾਰਤ ਵਿੱਚ ਦੁੱਧ ਉਤਪਾਦਨ ਦੇ ਵਧੀਆ ਅੰਕੜੇ ਮੌਜੂਦ ਹੋਣ ਦੇ ਬਾਵਜੂਦ ਵਧਦੇ ਸ਼ਹਿਰੀਕਰਨ ਅਤੇ ਤੇਜ਼ੀ ਨਾਲ ਵਧਦੀ ਵਸੋਂ ਦੀ ਬਨਿਸਬਤ ਦੁਧਾਰੂ ਪਸ਼ੂਆਂ ਦੀ ਗਿਣਤੀ ਵਿੱਚ ਲੋੜੀਂਦਾ ਵਾਧਾ ਨਾ ਹੋਣ ਕਰਕੇ ਇਥੇ ਨਕਲੀ ਜਾਂ ਮਿਲਾਵਟੀ 'ਚਿੱਟੇ ਦੁੱਧ' ਦਾ 'ਕਾਲਾ ਕਾਰੋਬਾਰ' ਵੱਡੇ ਪੱਧਰ 'ਤੇ ਚੱਲ ਰਿਹਾ ਹੈ ਤੇ ਵੱਡੇ-ਵੱਡੇ ਬਰਾਂਡਾਂ ਵਲੋਂ ਵੀ ਸ਼ੁੱਧ ਦੁੱਧ ਜਾਂ ਦੇਸੀ ਘਿਓ ਦੇ ਨਾਂਅ 'ਤੇ ਮਿਲਾਵਟੀ ਦੁੱਧ ਪਦਾਰਥ ਵੇਚੇ ਜਾ ਰਹੇ ਹਨ। ਇੱਥੇ ਸਰਕਾਰੀ ਤੰਤਰ ਵਿੱਚ ਖ਼ਾਮੀਆਂ ਦਾ ਫ਼ਾਇਦਾ ਕੁਝ ਲੋਭੀ ਵਪਾਰੀ ਉਠਾਉਂਦੇ ਹਨ ਤੇ ਲੋਕਾਂ ਦੀ ਤੇ ਖ਼ਾਸ ਕਰਕੇ ਨਿੱਕੇ ਬੱਚਿਆਂ ਦੀ ਸਿਹਤ ਨਾਲ ਸ਼ਰੇਆਮ ਖਿਲਵਾੜ ਕਰਦਿਆਂ ਹੋਇਆਂ ਨਕਲੀ ਦੁੱਧ, ਖੋਇਆ, ਪਨੀਰ ਜਾਂ ਮਠਿਆਈਆਂ ਬਣਾਉਂਦੇ ਹਨ। ਤਿਉਹਾਰਾਂ ਦੇ ਦਿਨਾਂ ਵਿੱਚ ਟਨਾਂ ਦੇ ਹਿਸਾਬ ਨਾਲ ਨਕਲੀ ਦੁੱਧ, ਨਕਲੀ ਪਨੀਰ, ਨਕਲੀ ਖੋਇਆ ਜਾਂ ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਮਠਿਆਈਆਂ ਦਾ ਫੜੇ ਜਾਣਾ ਇਹ ਸਾਬਿਤ ਕਰਦਾ ਹੈ ਕਿ ਇੱਥੇ ਦੁੱਧ ਦੇ ਮਾਮਲੇ ਵਿੱਚ 'ਸਭ ਅੱਛਾ' ਨਹੀਂ ਹੈ। ਤਿਉਹਾਰਾਂ ਦੇ ਦਿਨਾਂ ਵਿੱਚ ਚੌਕੰਨਾ ਹੋ ਕੇ ਛਾਪੇਮਾਰੀ ਕਰਨ ਵਾਲਾ ਸਿਹਤ ਵਿਭਾਗ ਆਮ ਦਿਨਾਂ ਵਿੱਚ ਅਵੇਸਲਾ ਹੋ ਜਾਂਦਾ ਹੈ ਤੇ ਟੈਂਕਰਾਂ ਦੇ ਟੈਂਕਰ ਨਕਲੀ ਦੁੱਧ ਤੇ ਟਰੱਕਾਂ ਦੇ ਟਰੱਕ ਨਕਲੀ ਦੁੱਧ ਪਦਾਰਥ ਇਕ ਰਾਜ ਤੋਂ ਦੂਜੇ ਰਾਜਾਂ ਵਿੱਚ ਚਲੇ ਜਾਂਦੇ ਹਨ। ਕਮਾਉਣ ਵਾਲੇ ਕਰੋੜਾਂ ਰੁਪਏ ਕਮਾ ਜਾਂਦੇ ਹਨ ਤੇ ਕਰੋੜਾਂ ਮਾਸੂਮ ਲੋਕਾਂ ਦੀ ਸਿਹਤ ਦਾ ਸੱਤਿਆਨਾਸ ਕਰ ਜਾਂਦੇ ਹਨ। ਲੋਕਾਂ ਵਿੱਚ ਜਾਗਰੂਕਤਾ ਹੀ ਇਸ ਸਮੱਸਿਆ ਦਾ ਇਕ-ਮਾਤਰ ਹੱਲ ਹੈ ਕਿਉਂਕਿ ਜਿਸ ਦਿਨ ਲੋਕ ਆਪਣੀਆਂ ਤੇ ਆਪਣੇ ਪਿਆਰਿਆਂ ਦੀਆਂ ਜਾਨਾਂ ਦੀ ਪਰਵਾਹ ਕਰਦੇ ਹੋਏ ਨਕਲੀ ਦੁੱਧ ਤੇ ਦੁੱਧ ਪਦਾਰਥ ਉਤਪਾਦਕਾਂ ਖ਼ਿਲਾਫ਼ ਮੁਹਿੰਮ ਛੇੜਨਗੇ ਉਦੋਂ ਪੁਲੀਸ ਤੇ ਸਿਵਲ ਪ੍ਰਸ਼ਾਸਨ 'ਕਾਲੀਆਂ ਭੇਡਾਂ' ਖ਼ਿਲਾਫ਼ ਸਖ਼ਤ ਕਾਰਵਾਈ ਲਈ ਮਜ਼ਬੂਰ ਹੋ ਜਾਣਗੇ।



## ਧਰਤੀ ਹੇਠਲਾ ਪਾਣੀ

ਵੀਹ ਜੂਨ ਤੋਂ ਪਹਿਲਾਂ ਝੋਨਾ ਨਾ ਤੂੰ ਲਾਈ ਬੇਲੀਆ।
ਧਰਤੀ ਹੇਠਲੇ ਪਾਣੀ ਨੂੰ ਤੂੰ ਬਚਾਈ ਬੇਲੀਆ।
ਵੀਹ ਜੂਨ ਤੋਂ ਪਹਿਲਾਂ... ॥

ਸਾਡਾ ਰੰਗਲਾ ਪੰਜਾਬ ਇੱਕ ਚਿੱੜੀ ਸੋਨੇ ਦੀ।
ਮਾਰੂਥਲ ਨਾ ਬਣਾ ਦੇਵੇ ਕਿਤੇ ਖੇਤੀ ਝੋਨੇ ਦੀ।
ਫ਼ਸਲੀ ਚੱਕਰ ਨੂੰ ਤੂੰ ਅਪਣਾਈ ਬੇਲੀਆ।
ਵੀਹ ਜੂਨ ਤੋਂ ਪਹਿਲਾਂ... ॥

ਵੀਹ ਜੂਨ ਤੱਕ ਹਵਾ ਵਿੱਚ ਨਮੀ ਆ ਜਾਂਦੀ ਆ।
ਫਿਰ ਕਿਤੇ-ਕਿਤੇ ਮੌਨਸੂਨ ਮੀਂਹ ਬਰਸਾ ਜਾਂਦੀ ਆ।
ਨਹਿਰੀ ਪਾਣੀ ਦੀ ਤੂੰ ਵਰਤੋਂ ਵਧਾਈਂ ਬੇਲੀਆ।
ਵੀਹ ਜੂਨ ਤੋਂ ਪਹਿਲਾਂ... ॥

ਖੂਹ, ਟੋਬੇ ਤੇ ਤਲਾਬ ਸਾਰੇ ਜਾਣ ਸੁੱਕਦੇ।
ਧਰਤੀ ਹੇਠੋਂ ਪਾਣੀ ਦੇ ਸੋਮੇ ਜਾਣ ਮੁੱਕਦੇ।
ਬਹੁਤਾ ਪਾਣੀ ਅਸੀਂ ਗਵਾਉਂਦੇ ਅਜਾਈਂ ਬੇਲੀਆ।
ਵੀਹ ਜੂਨ ਤੋਂ ਪਹਿਲਾਂ... ॥

ਘੱਟ ਪਾਣੀ ਵਾਲੀਆਂ ਫ਼ਸਲਾਂ ਦੀ ਤੂੰ ਖੇਤੀ ਕਰ ਲਏ।
ਜਿੰਨ੍ਹਾਂ ਹੋ ਸਕੇ ਉਤਨੀ ਹੀ ਤੂੰ ਛੇਤੀ ਕਰ ਲਏ।
ਵੇਲਾ ਲੰਘੇ ਤੋਂ ਨਾ ਫਿਰ ਪਛਤਾਈ ਬੇਲੀਆ।
ਵੀਹ ਜੂਨ ਤੋਂ ਪਹਿਲਾਂ... ॥

ਆਉਣ ਵਾਲੀਆਂ ਨਸਲਾਂ ਦਾ ਕੁੱਝ ਤਾਂ ਖ਼ਿਆਲ ਰੱਖੀਏ।
ਪਾਣੀ ਉਹਨਾਂ ਲਈ ਵੀ ਕੁੱਝ ਤਾਂ ਸੰਭਾਲ ਰੱਖੀਏ।
'ਭੁੱਲਰ ਮਸਤੇ ਵਾਲੇ' ਦੀ ਗੱਲ ਸੁੱਟ ਨਾ ਤੂੰ ਪਾਈ ਬੇਲੀਆ।
ਵੀਹ ਜੂਨ ਤੋਂ ਪਹਿਲਾਂ... ॥

- ਜਗਤਾਰ ਸਿੰਘ ਭੁੱਲਰ, ਮੋਬਾਇਲ : 94657-05548

# ਅੰਬੀਆਂ ਨੂੰ ਤਰਸੇਂਗੀ ...

**ਦੁਆਬਾ ਖਿੱਤਾ ਆਪਣੀ ਉਪਜਾਊ ਮਿੱਟੀ ਤੇ ਦਰਿਆਈ ਪ੍ਰਭਾਵ ਕਰਕੇ ਖੇਤੀਬਾੜੀ ਵਿੱਚ ਸਦਾ ਹੀ ਅੱਗੇ ਰਿਹਾ ਹੈ। ਇਸ ਖੇਤਰ ਦੀ ਵੱਖਰੀ ਪਛਾਣ ਅੰਬਾਂ ਦੇ ਬਾਗ ਵੀ ਰਹੇ ਹਨ...**

ਮਦਨ ਬੰਗੜ
ਮੋਬਾਇਲ : 950 15-75511

ਪੰਜਾਬ ਦੇ ਨਕਸ਼ੇ 'ਤੇ ਦੁਆਬਾ ਖਿੱਤਾ ਸਿਰਫ਼ ਦੋ ਦਰਿਆਵਾਂ ਦੀ ਧਰਤੀ ਹੀ ਨਹੀਂ ਸਗੋਂ ਇਹ ਰੁੱਖਾਂ ਅਤੇ ਮਨੁੱਖਾਂ ਦੇ ਗੂੜ੍ਹੇ ਰਿਸ਼ਤੇ ਦੀ ਗਵਾਹ ਵੀ ਰਿਹਾ ਹੈ। ਅੱਜ ਜਦੋਂ ਅਸੀਂ ਵਿਕਾਸ ਦੀ ਦੌੜ ਵਿੱਚ ਕੰਕਰੀਟ ਦੇ ਜੰਗਲ ਉਸਾਰ ਰਹੇ ਹਾਂ ਤਾਂ ਹੁਸ਼ਿਆਰਪੁਰ ਦੇ ਬਾਗਾਂ ਦੀਆਂ ਪੁਰਾਤਨ ਅੰਬੀਆਂ ਦੀਆਂ ਟਾਹਣੀਆਂ ਹਵਾ ਵਿੱਚ ਇੱਕੋ ਸਵਾਲ ਪੁੱਛਦੀਆਂ ਹਨ 'ਕੀ ਸਾਡੀ ਮਿਠਾਸ ਹੁਣ ਬੋਝ ਬਣ ਗਈ ਹੈ ?

ਦੁਆਬਾ ਖਿੱਤਾ, ਜਿਸ ਵਿੱਚ ਮੁੱਖ ਤੌਰ 'ਤੇ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਨਵਾਂ ਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਸ਼ਾਮਲ ਹਨ, ਆਪਣੀ ਉਪਜਾਊ ਮਿੱਟੀ ਅਤੇ ਦਰਿਆਈ ਪ੍ਰਭਾਵ ਕਰਕੇ ਖੇਤੀਬਾੜੀ ਵਿੱਚ ਸਦਾ ਹੀ ਅੱਗੇ ਰਿਹਾ ਹੈ। ਇਸ ਖੇਤਰ ਦੀ ਇਕ ਵੱਖਰੀ ਪਛਾਣ ਅੰਬਾਂ ਦੇ ਬਾਗ ਵੀ ਰਹੇ ਹਨ। ਪੁਰਾਣੇ ਸਮਿਆਂ ਵਿੱਚ 'ਦੁਆਬੇ ਦੇ ਅੰਬ' ਕਹਿਣ ਨਾਲ ਹੀ ਲੋਕਾਂ ਦੇ ਮਨ ਵਿੱਚ ਮਿੱਠੇ, ਰਸਭਰੇ ਅਤੇ ਸੁਗੰਧੀ ਭਰੇ ਅੰਬਾਂ ਦੀ ਤਸਵੀਰ ਬਣ ਜਾਂਦੀ ਸੀ। ਇਹ ਅੰਬ ਸਿਰਫ਼ ਸਥਾਨਕ ਹੀ ਨਹੀਂ, ਸਗੋਂ ਦੂਰ-ਦੂਰ ਤੱਕ ਆਪਣੀ ਕੁਆਲਿਟੀ ਕਰਕੇ ਜਾਣੇ ਜਾਂਦੇ ਸਨ।

ਪਿਛਲੇ ਦਹਾਕਿਆਂ ਵਿੱਚ, ਖ਼ਾਸ ਕਰਕੇ ਟਾਂਡਾ, ਦਸੂਹਾ, ਮੁਕੇਰੀਆਂ ਅਤੇ ਸੁਲਤਾਨਪੁਰ ਲੋਧੀ ਦੇ ਇਲਾਕਿਆਂ ਵਿੱਚ ਵੱਡੇ-ਵੱਡੇ ਅੰਬਾਂ ਦੇ ਬਾਗ ਹੁੰਦੇ ਸਨ। ਇਹ ਬਾਗ ਅਕਸਰ ਸਿਆਸਤਾਂ, ਵੱਡੇ ਜ਼ਮੀਦਾਰਾਂ ਜਾਂ ਪੁਰਾਣੀਆਂ ਖ਼ਾਨਦਾਨੀ ਪਰੰਪਰਾਵਾਂ ਦਾ ਹਿੱਸਾ ਹੁੰਦੇ ਸਨ। ਕਈ ਬਾਗ ਇੰਨੇ ਵਿਸ਼ਾਲ ਹੁੰਦੇ ਹਨ ਕਿ ਉਨ੍ਹਾਂ ਵਿੱਚ ਸੈਂਕੜਿਆਂ ਤੋਂ ਲੈ ਕੇ ਹਜ਼ਾਰਾਂ ਦਰੱਖਤ ਹੁੰਦੇ ਸਨ। ਅੰਬਾਂ ਦੀਆਂ ਕਿਸਮਾਂ ਵਿੱਚ ਦੁਸਹਿਰੀ, ਲੰਗੜਾ, ਚੌਸਾ ਅਤੇ ਦੇਸੀ ਕਿਸਮਾਂ ਖ਼ਾਸ ਤੌਰ 'ਤੇ ਉਗਾਈਆਂ ਜਾਂਦੀਆਂ ਸਨ, ਜਿਨ੍ਹਾਂ ਦੀ ਮਿਠਾਸ ਅਤੇ ਸੁਗੰਧ ਲੋਕਾਂ ਨੂੰ ਖਿੱਚ ਲੈਂਦੀ ਸੀ। ਪਿੰਡਾਂ ਵਿੱਚ ਗਰਮੀਆਂ ਦੇ ਮੌਸਮ ਦੌਰਾਨ ਇਹ ਬਾਗ ਸਿਰਫ਼ ਖੇਤੀ ਦਾ ਸਾਧਨ ਨਹੀਂ ਸਨ, ਸਗੋਂ ਸਮਾਜਿਕ ਜੀਵਨ ਦਾ ਹਿੱਸਾ ਵੀ ਬਣ ਜਾਂਦੇ ਸਨ। ਪਰਿਵਾਰ, ਬੱਚੇ ਅਤੇ ਮਹਿਮਾਨ ਇੱਥੇ ਆ ਕੇ ਅੰਬਾਂ ਦਾ ਆਨੰਦ ਲੈਂਦੇ ਸਨ।

ਪੰਜਾਬ ਦਾ ਦੁਆਬਾ ਖੇਤਰ ਸਿਰਫ਼ ਆਪਣੀ ਉਪਜਾਊ ਧਰਤੀ, ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਜਾਂ ਇਤਿਹਾਸਕ ਧਾਰਮਿਕ ਅਸਥਾਨਾਂ ਕਰਕੇ ਹੀ ਨਹੀਂ, ਸਗੋਂ ਆਪਣੇ ਵਿਸ਼ਾਲ ਅੰਬਾਂ ਦੇ ਬਾਗਾਂ ਕਰਕੇ ਵੀ ਪੂਰੇ ਉੱਤਰੀ ਭਾਰਤ ਵਿੱਚ ਵਿਸ਼ੇਸ਼ ਪਛਾਣ ਰੱਖਦਾ ਰਿਹਾ ਹੈ। ਇਕ ਸਮਾਂ ਅਜਿਹਾ ਸੀ ਜਦੋਂ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਨਵਾਂ ਸ਼ਹਿਰ (ਮੌਜੂਦਾ ਸ਼ਹੀਦ ਭਗਤ ਸਿੰਘ ਨਗਰ) ਦੇ ਪਿੰਡਾਂ ਵਿੱਚ ਦੂਰ-ਦੂਰ ਤੱਕ ਫੈਲੇ ਅੰਬਾਂ ਦੇ ਬੇਅੰਤ ਬਾਗ ਗਰਮੀ ਦੇ ਮੌਸਮ ਵਿੱਚ ਕੁਦਰਤੀ ਹਰਿਆਵਲ ਦਾ ਅਦਭੁੱਤ ਨਜ਼ਾਰਾ ਪੇਸ਼ ਕਰਦੇ ਸਨ। ਇਸੇ ਕਾਰਨ ਦੁਆਬੇ ਨੂੰ 'ਬਾਗਾਂ ਦਾ ਦੇਸ਼' ਵੀ ਕਿਹਾ ਜਾਂਦਾ ਸੀ। ਖ਼ਾਸ ਤੌਰ 'ਤੇ ਹੁਸ਼ਿਆਰਪੁਰ ਦੇ ਦਸੂਹਾ, ਮੁਕੇਰੀਆ, ਟਾਂਡਾ ਉੜਮੁੜ, ਗੜ੍ਹਸ਼ੰਕਰ ਅਤੇ ਜਲੰਧਰ ਦੇ ਆਦਮਪੁਰ, ਭੋਗਪੁਰ ਕਰਤਾਰਪੁਰ ਅਤੇ ਫਿਲੌਰ ਇਲਾਕਿਆਂ ਦੇ ਅੰਬ ਬਹੁਤ ਮਸ਼ਹੂਰ ਹੁੰਦੇ ਸਨ। ਕਪੂਰਥਲਾ ਦੇ ਸੁਲਤਾਨਪੁਰ ਲੋਧੀ ਅਤੇ ਫਗਵਾੜਾ ਇਲਾਕੇ ਵਿੱਚ ਵੀ ਅੰਬਾਂ ਦੀ ਵੱਡੀ ਪੈਦਾਵਾਰ ਹੁੰਦੀ ਸੀ। ਇਨ੍ਹਾਂ ਇਲਾਕਿਆਂ ਦੀ ਰੇਤਲੀ-ਦੋਮਟ ਮਿੱਟੀ, ਉਚਿਤ ਨਮੀ ਅਤੇ ਬਿਆਸ ਤੇ ਸਤਲੁਜ ਦਰਿਆਵਾਂ ਦੇ ਦਰਮਿਆਨ ਦਾ ਵਾਤਾਵਰਨ ਅੰਬਾਂ ਦੀ ਫ਼ਸਲ ਲਈ ਬਹੁਤ ਅਨੁਕੂਲ ਮੰਨਿਆ ਜਾਂਦਾ ਸੀ। ਖੇਤੀਬਾੜੀ ਮਾਹਿਰਾਂ ਅਨੁਸਾਰ ਅੰਬਾਂ ਦੀ ਫ਼ਸਲ ਲਈ 24 ਤੋਂ 30 ਡਿਗਰੀ ਸੈਲਸ਼ੀਅਸ ਤਾਪਮਾਨ, ਵਧੀਆ ਨਿਕਾਸ ਵਾਲੀ ਦੋਮਟ ਮਿੱਟੀ ਅਤੇ 75 ਤੋਂ 250 ਸੈਂਟੀਮੀਟਰ ਤੱਕ ਵਰਖਾ ਵਾਲਾ ਖੇਤਰ ਸਭ ਤੋਂ ਉਚਿਤ ਹੁੰਦਾ ਹੈ ਅਤੇ ਦੁਆਬੇ ਦੀ ਧਰਤੀ ਇਹ ਸਾਰੀਆਂ ਖੂਬੀਆਂ ਆਪਣੇ ਅੰਦਰ ਸਮੇਟੇ ਹੋਈ ਹੈ। ਉਸ ਸਮੇਂ ਬਾਗਾਂ ਵਿੱਚ ਜ਼ਿਆਦਾਤਰ ਦੇਸੀ ਕਿਸਮਾਂ ਦੇ ਅੰਬ ਜਿਵੇਂ ਦੁਸਹਿਰੀ, ਲੰਗੜਾ, ਚੌਸਾ, ਫਜਰੀ, ਬੰਬਈ ਗ੍ਰੀਨ, ਸਫੇਦਾ ਅਤੇ ਮਾਲਟਾ ਵੱਡੀ ਮਾਤਰਾ ਵਿੱਚ ਉਗਾਏ ਜਾਂਦੇ ਸਨ। ਕਈ



ਪੁਰਾਣੇ ਬਾਗਾਂ ਵਿੱਚ 'ਕਾਲਾ ਅੰਬ', 'ਸੁੰਦਰੀ', 'ਰਤੌਲ' ਅਤੇ ਸਥਾਨਕ ਦੇਸੀ ਕਿਸਮਾਂ ਵੀ ਮਿਲਦੀਆਂ ਸਨ ਜਿਨ੍ਹਾਂ ਦਾ ਸੁਆਦ ਅਤੇ ਖੁਸ਼ਬੂ ਬੇਮਿਸਾਲ ਮੰਨੀ ਜਾਂਦੀ ਸੀ। ਬਾਗਾਂ ਵਿੱਚ ਰਵਾਇਤੀ ਤੌਰ 'ਤੇ ਬੀਜ ਤੋਂ ਤਿਆਰ ਕੀਤੇ ਪੌਦੇ ਲਗਾਏ ਜਾਂਦੇ ਸਨ ਪਰ ਬਾਅਦ ਵਿੱਚ ਗੁੱਟੀ ਕਲਮ ਅਤੇ ਗ੍ਰਾਫਟਿੰਗ ਤਕਨੀਕ ਦੀ ਵਰਤੋਂ ਹੋਣ ਲੱਗੀ ਜਿਸ ਨਾਲ ਇੱਕੋ ਗੁਣਵੱਤਾ ਵਾਲੀ ਫ਼ਸਲ ਮਿਲਣੀ ਸੰਭਵ ਹੋਈ। ਅੰਬਾਂ ਦੀ ਸਿੰਚਾਈ ਲਈ ਖਾਲਿਆਂ ਅਤੇ ਟਿਊਬਵੈਲਾਂ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਗਰਮੀ ਦੇ ਮੌਸਮ ਵਿੱਚ ਬਾਗਾਂ ਦੀ ਨਮੀ ਬਣਾਈ ਰੱਖਣ ਲਈ ਰਵਾਇਤੀ ਤਰੀਕੇ ਨਾਲ ਘਾਹ ਫੂਸ ਜਾਂ ਪੱਤਿਆਂ ਦੀ ਮਲਚਿੰਗ ਵੀ ਕੀਤੀ ਜਾਂਦੀ ਸੀ। ਦੁਆਬੇ ਦੇ ਕਈ ਕਿਸਾਨ ਅੰਬਾਂ ਦੇ ਬਾਗਾਂ ਨੂੰ ਆਪਣੀ ਆਰਥਿਕ ਰੀੜ੍ਹ ਦੀ ਹੱਡੀ ਮੰਨਦੇ ਸਨ ਕਿਉਂਕਿ ਇਕ ਪੱਕਾ ਬਾਗ ਕਈ ਪੀੜ੍ਹੀਆਂ ਲਈ ਆਮਦਨ ਦਾ ਸਾਧਨ ਬਣ ਜਾਂਦਾ ਸੀ। ਉਸ ਵੇਲੇ ਜਦੋਂ ਪੰਜਾਬ ਵਿੱਚ ਨਕਦੀ ਫ਼ਸਲਾਂ ਦਾ ਇੰਨਾ ਵੱਡਾ ਪ੍ਰਚਲਨ ਨਹੀਂ ਸੀ, ਅੰਬਾਂ ਦੀ ਖੇਤੀ ਪਿੰਡਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਦੀ ਸੀ। ਗਰਮੀਆਂ ਵਿੱਚ ਬਾਗਾਂ ਦੀ ਰਾਖੀ ਲਈ ਵਿਸ਼ੇਸ਼ ਤੌਰ 'ਤੇ ਚੌਕੀਦਾਰ ਰੱਖੇ ਜਾਂਦੇ ਸਨ ਅਤੇ ਕੱਚੇ ਅੰਬਾਂ ਤੋਂ ਅਚਾਰ, ਅੰਬਚੂਰ ਅਤੇ ਪਨਾ ਬਣਾਇਆ ਜਾਂਦਾ ਸੀ ਜਦਕਿ ਪੱਕੇ ਅੰਬਾਂ ਨੂੰ ਟੋਕਰਿਆਂ ਵਿੱਚ ਭਰ ਕੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੱਕ ਭੇਜਿਆ ਜਾਂਦਾ ਸੀ।

ਦੱਸਿਆ ਜਾਂਦਾ ਹੈ ਕਿ ਦੁਆਬੇ ਦੇ ਅੰਬ ਲਾਹੌਰ, ਅੰਮ੍ਰਿਤਸਰ, ਦਿੱਲੀ, ਸ਼ਿਮਲਾ, ਜੰਮੂ-ਕਸ਼ਮੀਰ ਅਤੇ ਰਾਜਸਥਾਨ ਤੱਕ ਵੱਡੀ ਮਾਤਰਾ ਵਿੱਚ ਜਾਂਦੇ ਸਨ। ਬ੍ਰਿਟਿਸ਼ ਦੌਰ ਵਿੱਚ ਜਲੰਧਰ ਅਤੇ ਫਗਵਾੜਾ ਰੇਲਵੇ ਲਾਈਨ ਦੇ ਵਿਕਾਸ ਤੋਂ ਬਾਅਦ ਅੰਬਾਂ ਦੀ ਢੁਆਈ ਹੋਰ ਆਸਾਨ ਹੋ ਗਈ ਸੀ। ਲੱਕੜ ਦੇ ਖੋਖਿਆਂ ਅਤੇ ਬਾਂਸ ਦੀਆਂ ਟੋਕਰੀਆਂ ਵਿੱਚ ਭਰੇ ਅੰਬਾਂ ਨੂੰ ਰੇਲ ਰਾਹੀਂ ਵੱਡੀਆਂ ਮੰਡੀਆਂ ਤੱਕ ਭੇਜਿਆ ਜਾਂਦਾ ਸੀ। ਕੁਝ ਖ਼ਾਸ ਕਿਸਮਾਂ ਦੇ ਅੰਬ ਅਫਗਾਨਿਸਤਾਨ ਅਤੇ ਮੱਧ ਏਸ਼ੀਆ ਤੱਕ ਵੀ ਵਿਸ਼ੇਸ਼ ਤੌਰ 'ਤੇ ਪਹੁੰਚਦੇ ਸਨ ਕਿਉਂਕਿ ਪੰਜਾਬ ਦੇ ਵਪਾਰੀ ਦਿੱਲੀ ਅਤੇ ਅੰਮ੍ਰਿਤਸਰ ਰਾਹੀਂ ਸਰਹੱਦੀ ਕਾਰੋਬਾਰ ਨਾਲ ਜੁੜੇ ਹੋਏ ਸਨ। ਅੰਬਾਂ ਦੀ ਪੈਕਿੰਗ ਅਤੇ ਸਟੋਰੇਜ ਵਿੱਚ ਉਸ ਸਮੇਂ ਵਿਗਿਆਨਕ ਸਹੂਲਤਾਂ ਘੱਟ ਹੋਣ ਦੇ ਬਾਵਜੂਦ ਲੋਕ ਦੇਸੀ ਤਜ਼ਰਬੇ ਨਾਲ ਫ਼ਲਾਂ ਨੂੰ ਕਈ ਦਿਨ ਤੱਕ ਤਾਜ਼ਾ ਰੱਖ ਲੈਂਦੇ ਸਨ। ਪੱਕਣ ਲਈ ਅੰਬਾਂ ਨੂੰ ਤੂੜੀ ਵਿੱਚ ਦੱਬ ਕੇ ਰੱਖਿਆ ਜਾਂਦਾ ਸੀ ਅਤੇ ਕੁਦਰਤੀ ਤੌਰ 'ਤੇ ਪੱਕੇ ਅੰਬਾਂ ਦੀ ਖ਼ੁਸ਼ਬੂ ਪੂਰੇ ਘਰ ਨੂੰ ਮਹਿਕਾ ਦਿੰਦੀ ਸੀ।


ਪੁਰਾਣੇ ਸਮਿਆਂ ਵਿੱਚ ਦੁਆਬੇ ਦੇ ਅੰਬਾਂ ਦਾ ਵਪਾਰ ਸਿਰਫ਼ ਸਥਾਨਕ ਮੰਡੀਆਂ ਤੱਕ ਸੀਮਿਤ ਨਹੀਂ ਸੀ, ਸਗੋਂ ਇਹ ਇੱਕ ਵਿਵਸਥਿਤ ਅਤੇ ਵੱਡੇ ਪੱਧਰ ਦਾ ਕਾਰੋਬਾਰ ਮੰਨਿਆ ਜਾਂਦਾ ਸੀ। ਗਰਮੀਆਂ ਦੇ ਮੌਸਮ ਵਿੱਚ ਜਿਵੇਂ ਹੀ ਅੰਬ ਪੱਕਣੇ ਸ਼ੁਰੂ ਹੁੰਦੇ ਹਨ ਤਾਂ ਬਾਗਾਂ ਦੇ ਮਾਲਕ ਪਹਿਲਾਂ ਹੀ ਵਪਾਰੀਆਂ ਨਾਲ ਠੇਕੇ ਕਰ ਲੈਂਦੇ ਸਨ। ਕਈ ਵਾਰ ਪੂਰਾ ਬਾਗ 'ਠੇਕੇ' 'ਤੇ ਵੇਚਿਆ ਜਾਂਦਾ ਸੀ ਜਿਸ ਨੂੰ ਪੰਜਾਬੀ ਵਿੱਚ 'ਬਾਗ ਚੜ੍ਹਾਉਣਾ' ਕਿਹਾ ਜਾਂਦਾ ਸੀ। ਵਪਾਰੀ ਦਰੱਖਤਾਂ 'ਤੇ ਲੱਗੇ ਫ਼ਲਾਂ ਦਾ ਅੰਦਾਜ਼ਾ ਲਗਾ ਕੇ ਪਹਿਲਾਂ ਹੀ ਕੀਮਤ ਤੈਅ ਕਰ ਲੈਂਦੇ ਸਨ ਅਤੇ ਫਿਰ ਆਪਣੇ ਮਜ਼ਦੂਰ ਲਗਾ ਕੇ ਅੰਬਾਂ ਦੀ ਤੋੜਾਈ ਕਰਵਾਉਂਦੇ ਸਨ। ਤੋੜਾਈ ਲਈ ਖ਼ਾਸ ਬਾਂਸ ਦੀਆਂ ਲੰਬੀਆਂ ਛੜੀਆਂ ਵਰਤੀਆਂ ਜਾਂਦੀਆਂ ਸਨ ਜਿਨ੍ਹਾਂ ਦੇ ਅੱਗੇ ਜਾਲੀ ਜਾਂ ਕੱਪੜੇ ਦੀ ਥੈਲੀ ਬੰਨ੍ਹੀ ਹੁੰਦੀ ਸੀ ਤਾਂ ਜੋ ਅੰਬ ਜ਼ਮੀਨ 'ਤੇ ਡਿੱਗ ਕੇ ਖ਼ਰਾਬ ਨਾ ਹੋਣ। ਤੋੜੇ ਗਏ ਅੰਬ ਪਹਿਲਾਂ ਛਾਂ ਵਾਲੀ ਥਾਂ 'ਤੇ ਇਕੱਠੇ ਕੀਤੇ ਜਾਂਦੇ ਸਨ ਅਤੇ ਫਿਰ ਉਨ੍ਹਾਂ ਦੀ ਛਾਂਟ ਕੀਤੀ ਜਾਂਦੀ ਸੀ। ਵੱਡੇ, ਸੁੰਦਰ ਅਤੇ ਬਿਨਾਂ ਦਾਗ ਵਾਲੇ ਅੰਬ ਵੱਖ ਕਰਕੇ ਉੱਚ ਦਰਜੇ ਦੀਆਂ ਮੰਡੀਆਂ ਲਈ ਰੱਖੇ ਜਾਂਦੇ ਸਨ ਜਦਕਿ ਛੋਟੇ ਜਾਂ ਹਲਕੇ ਨੁਕਸ ਵਾਲੇ ਅੰਬ ਸਥਾਨਕ ਬਾਜ਼ਾਰਾਂ ਵਿੱਚ ਵੇਚੇ ਜਾਂਦੇ ਸਨ। ਉਸ ਸਮੇਂ ਅੱਜ ਵਾਲੀਆਂ ਕਾਰਡਬੋਰਡ ਪੈਕਿੰਗਾਂ ਨਹੀਂ ਹੁੰਦੀਆਂ ਸਨ, ਇਸ ਲਈ ਅੰਬਾਂ ਨੂੰ ਬਾਂਸ ਦੀਆਂ ਟੋਕਰੀਆਂ, ਸਰਕੰਡੇ ਦੇਟੋਕਰੇ ਜਾਂ ਲੱਕੜ ਦੇ ਖੋਖਿਆਂ ਵਿੱਚ ਭਰਿਆ ਜਾਂਦਾ ਸੀ। ਟੋਕਰੀਆਂ ਅੰਦਰ ਸੁੱਕਾ ਭੂਸਾ ਜਾਂ ਪਰਾਲੀ ਪਾਈ ਜਾਂਦੀ ਸੀ ਤਾਂ ਜੋ ਫ਼ਲ ਆਪਸ ਵਿੱਚ ਟਕਰਾ ਕੇ ਖ਼ਰਾਬ ਨਾ ਹੋਣ। ਕੁਝ ਵਪਾਰੀ ਅੰਬਾਂ ਨੂੰ ਕੇਲੇ ਦੇ ਪੱਤਿਆਂ ਜਾਂ ਕਾਗਜ਼ ਵਿੱਚ ਲਪੇਟ ਕੇ ਵੀ ਭੇਜਦੇ ਸਨ, ਜਿਸ ਨਾਲ ਫ਼ਲ ਲੰਬੇ ਸਮੇਂ ਤੱਕ ਤਾਜ਼ੇ ਰਹਿੰਦੇ ਸਨ। ਦੁਆਬੇ ਦੇ ਅੰਬਾਂ ਦੀਆਂ ਸਭ ਤੋਂ ਵੱਡੀਆਂ ਮੰਡੀਆਂ ਜਲੰਧਰ, ਹੁਸ਼ਿਆਰਪੁਰ, ਫਗਵਾੜਾ, ਦਸੂਹਾ ਅਤੇ ਫਿਲੌਰ ਵਿੱਚ ਲੱਗਦੀਆਂ ਸਨ, ਜਿੱਥੇ ਸਵੇਰੇ ਤੜਕੇ ਹੀ ਵਪਾਰੀ ਇਕੱਠੇ ਹੋ ਜਾਂਦੇ ਸਨ। ਇਨ੍ਹਾਂ ਮੰਡੀਆਂ ਵਿੱਚ ਪੰਜਾਬ ਤੋਂ ਇਲਾਵਾ ਦਿੱਲੀ, ਅੰਮ੍ਰਿਤਸਰ, ਲੁਧਿਆਣਾ, ਜੰਮੂ, ਅੰਬਾਲਾ ਤੇ ਅੰਬ ਲੈ ਕੇ ਜਾਂਦੇ ਸਨ ਤੇ ਉੱਥੇ ਇਹ ਫ਼ਲ ਉੱਚ ਕੀਮਤ 'ਤੇ ਵਿਕਦਾ ਸੀ ਕਿਉਂਕਿ ਪਹਾੜੀ ਇਲਾਕਿਆਂ ਵਿੱਚ ਅੰਬ ਦੀ ਪੈਦਾਵਾਰ ਨਹੀਂ ਹੁੰਦੀ ਸੀ। ਪੁਰਾਣੇ ਸਮਿਆਂ ਵਿੱਚ ਕੋਲਡ ਸਟੋਰੇਜ ਨਾ ਹੋਣ ਦੇ ਬਾਵਜੂਦ ਵਪਾਰੀ ਅੰਬਾਂ ਨੂੰ ਸੰਭਾਲਣ ਲਈ ਦੇਸੀ ਤਰੀਕੇ ਵਰਤਦੇ ਸਨ। ਕੱਚੇ ਅੰਬਾਂ ਨੂੰ ਥੋੜ੍ਹਾ ਅਧਪੱਕਾ ਤੋੜਿਆ ਜਾਂਦਾ ਸੀ ਤਾਂ ਜੋ ਸਫ਼ਰ ਦੌਰਾਨ ਉਹ ਹੌਲੀ-ਹੌਲੀ ਪੱਕਣ ਤੇ ਮੰਡੀ ਤੱਕ ਪਹੁੰਚਦੇ ਸਮੇਂ ਖਾਣ ਯੋਗ ਹੋ ਜਾਣ। ਕੁਝ ਵਪਾਰੀ ਅੰਬਾਂ ਨੂੰ ਮਿੱਟੀ ਦੇ ਠੰਢੇ ਕਮਰਿਆਂ ਜਾਂ ਮੋਟੀਆਂ ਕੰਧਾਂ ਵਾਲੀਆਂ ਹਵੇਲੀਆਂ ਵਿੱਚ ਰੱਖਦੇ ਸਨ, ਜਿੱਥੇ ਕੁਦਰਤੀ ਤਾਪਮਾਨ ਘੱਟ ਰਹਿੰਦਾ ਸੀ। ਉਸ ਵੇਲੇ ਵਪਾਰ ਸਿਰਫ਼ ਨਫ਼ੇ ਦਾ ਸਾਧਨ ਨਹੀਂ ਸੀ ਸਗੋਂ ਸਮਾਜਿਕ ਸਬੰਧਾਂ ਦਾ ਹਿੱਸਾ ਵੀ ਸੀ। ਪਿੰਡ ਵਿੱਚ ਜਦੋਂ ਪਹਿਲੀ ਫ਼ਸਲ ਹੁੰਦੀ ਸੀ ਤਾਂ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਟੋਕਰੀਆਂ ਭੇਜਣ ਦੀ ਰਿਵਾਇਤ ਹੁੰਦੀ ਸੀ। ਵੱਡੇ ਜ਼ਮੀਦਾਰ ਤੇ ਵਪਾਰੀ ਆਪਣੇ ਜਾਣਕਾਰ ਅਧਿਕਾਰੀਆਂ ਜਾਂ ਰਾਜਨੀਤਿਕ ਲੋਕਾਂ ਨੂੰ ਵੀ ਦੁਆਬੇ ਦੇ ਮਸ਼ਹੂਰ ਅੰਬ ਤੋਹਫ਼ੇ ਵਜੋਂ ਭੇਜਦੇ ਸਨ। ਇਸ ਕਾਰਨ ਦੁਆਬੇ ਦੇ ਅੰਬ ਸਿਰਫ਼ ਇਕ ਫ਼ਲ ਨਹੀਂ ਰਹੇ ਸਗੋਂ ਪੰਜਾਬ ਦੀ ਸੱਭਿਆਚਾਰਕ ਪਛਾਣ ਤੇ ਆਰਥਿਕ ਵਿਰਾਸਤ ਦਾ ਮਹੱਤਵਪੂਰਨ ਹਿੱਸਾ ਬਣ ਗਏ ਸਨ।

ਸ਼ਿਮਲਾ ਦੇ ਵਪਾਰੀ ਵੀ ਪਹੁੰਚਦੇ ਸਨ। ਕਈ ਵਾਰ ਇਕ ਹੀ ਦਿਨ ਵਿੱਚ ਸੈਂਕੜੇ ਟੋਕਰੀਆਂ ਦੀ ਖ਼ਰੀਦ-ਫਰੋਖ਼ਤ ਹੋ ਜਾਂਦੀ ਸੀ। ਉਸ ਦੌਰ ਵਿੱਚ ਰੇਲਵੇ ਨੈਟਵਰਕ ਅੰਬਾਂ ਦੇ ਵਪਾਰ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਸੀ। ਜਲੰਧਰ ਕੈਂਟ, ਫਗਵਾੜਾ ਤੇ ਫਿਲੌਰ ਦੇ ਰੇਲਵੇ ਸਟੇਸ਼ਨਾਂ ਤੋਂ ਅੰਬਾਂ ਨਾਲ ਭਰੇ ਡੱਬੇ ਦਿੱਲੀ, ਲਾਹੌਰ ਅਤੇ ਕੋਲਕਾਤਾ ਤੱਕ ਭੇਜੇ ਜਾਂਦੇ ਸਨ। ਬ੍ਰਿਟਿਸ਼ ਦੌਰ ਵਿੱਚ ਪੰਜਾਬ ਦੇ ਫ਼ਲਾਂ ਦੀ ਮੰਗ ਫੌਜੀ ਛਾਵਣੀਆਂ ਵਿੱਚ ਵੀ ਬਹੁਤ ਹੁੰਦੀ ਸੀ, ਇਸ ਲਈ ਅੰਬ ਖ਼ਾਸ ਤੌਰ 'ਤੇ ਅੰਬਾਲਾ, ਮੇਰਠ ਅਤੇ ਲਾਹੌਰ ਦੀਆਂ ਕੈਂਟਾਂ ਵਿੱਚ ਭੇਜੇ ਜਾਂਦੇ ਸਨ। ਪੁਰਾਣੇ ਵਪਾਰੀਆਂ ਮੁਤਾਬਕ ਲਾਹੌਰ ਦੀ ਅਨਾਰਕਲੀ ਮੰਡੀ ਅਤੇ ਦਿੱਲੀ ਦੀ ਖਾਰੀ ਬਾਬਲੀ ਮੰਡੀ ਵਿੱਚ ਦੁਆਬੇ ਦੇ ਅੰਬਾਂ ਦੀ ਵੱਖਰੀ ਪਛਾਣ ਸੀ। ਕਈ ਵਾਰ ਵਪਾਰੀ ਰਾਤ ਨੂੰ ਹੀ ਬੈਲਗੱਡੀਆਂ ਜਾਂ ਊਠ-ਵੱਡੀਆਂ ਰਾਹੀਂ ਅੰਬਾਂ ਦੀਆਂ ਟੋਕਰੀਆਂ ਰੇਲਵੇ ਸਟੇਸ਼ਨਾਂ ਤੱਕ ਲਿਆਉਂਦੇ ਸਨ ਤਾਂ ਜੋ ਸਵੇਰੇ ਵਾਲੀ ਗੱਡੀ ਨਾਲ ਮਾਲ ਭੇਜਿਆ ਜਾ ਸਕੇ। ਸੜਕਾਂ ਘੱਟ ਹੋਣ ਕਾਰਨ ਪਿੰਡਾਂ ਤੋਂ ਮੰਡੀ ਤੱਕ ਮਾਲ ਪਹੁੰਚਾਉਣਾ ਵੱਡੀ ਚੁਣੌਤੀ ਹੁੰਦੀ ਸੀ ਪਰ ਫਿਰ ਵੀ ਇਹ ਕਾਰੋਬਾਰ ਲਗਾਤਾਰ ਵੱਧਦਾ ਰਿਹਾ। ਦੁਆਬੇ ਦੇ ਅੰਬਾਂ ਦਾ ਕੁਝ ਵਪਾਰ ਅਫ਼ਗਾਨੀ ਤੇ ਕਸ਼ਮੀਰੀ ਵਪਾਰੀਆਂ ਰਾਹੀਂ ਉੱਤਰੀ ਇਲਾਕਿਆਂ ਤੱਕ ਵੀ ਹੁੰਦਾ ਸੀ। ਕਸ਼ਮੀਰ ਜਾਣ ਵਾਲੇ ਵਪਾਰੀ ਜੰਮੂ ਰਾਹੀਂ

ਸਮੇਂ ਦੇ ਨਾਲ ਇਹ ਰਿਵਾਇਤ ਹੌਲੀ-ਹੌਲੀ ਘੱਟਦੀ ਗਈ। ਖੇਤੀਬਾੜੀ ਵਿੱਚ ਬਦਲਾਅ ਆਇਆ ਤੇ ਕਿਸਾਨਾਂ ਨੇ ਵਧੇਰੇ ਲਾਭ ਵਾਲੀਆਂ ਫ਼ਸਲਾਂ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ, ਜਿਵੇਂ ਕਿ ਝੋਨਾ ਤੇ ਕਣਕ।

ਇਸ ਤੋਂ ਇਲਾਵਾ, ਜ਼ਮੀਨਾਂ ਦੀਆਂ ਕੀਮਤਾਂ ਵਿੱਚ ਵਾਧਾ ਅਤੇ ਸ਼ਹਿਰੀਕਰਨ ਨੇ ਵੀ ਅੰਬਾਂ ਦੇ ਬਾਗਾਂ ਨੂੰ ਪ੍ਰਭਾਵਿਤ ਕੀਤਾ। ਕਈ ਥਾਵਾਂ 'ਤੇ ਜਿੱਥੇ ਪਹਿਲਾਂ ਹਰੇ-ਭਰੇ ਬਾਗ ਹੁੰਦੇ ਸਨ, ਉੱਥੇ ਅੱਜ ਕਾਲੋਨੀਆਂ, ਫੈਕਟਰੀਆਂ ਜਾਂ ਹੋਰ ਇਮਾਰਤਾਂ ਬਣ ਚੁੱਕੀਆਂ ਹਨ। ਪਾਣੀ ਦੀ ਸਤ੍ਹਾ ਦਾ ਘਟਣਾ ਵੀ ਇੱਕ ਵੱਡਾ ਕਾਰਨ ਬਣਿਆ, ਜਿਸ ਨਾਲ ਲੰਬੇ ਸਮੇਂ ਵਾਲੀ ਫਲਦਾਰ ਖੇਤੀ ਕਰਨਾ ਔਖਾ ਹੋ ਗਿਆ। ਫਿਰ ਵੀ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਦੁਆਬੇ ਵਿੱਚ ਅੰਬਾਂ ਦੀ ਖੇਤੀ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ। ਹੁਸ਼ਿਆਰਪੁਰ ਦੇ ਕੰਡੀ ਖੇਤਰ ਅਤੇ ਉਸ ਦੇ ਆਲੇ-ਦੁਆਲੇ ਕੁਝ ਕਿਸਾਨ ਅੱਜ ਵੀ ਅੰਬਾਂ ਦੇ ਬਾਗ ਸੰਭਾਲ ਰਹੇ ਹਨ। ਟਾਂਡਾ ਅਤੇ ਦਸੂਹਾ ਦੇ ਕੁਝ ਪਿੰਡਾਂ ਵਿੱਚ ਵੀ ਛੋਟੇ ਪੱਧਰ 'ਤੇ ਬਾਗਬਾਨੀ ਜਾਰੀ ਹੈ। ਇਹ ਬਾਗ ਪਹਿਲਾਂ ਵਾਂਗ ਵਿਸ਼ਾਲ ਨਹੀਂ ਰਹੇ ਪਰ ਇਨ੍ਹਾਂ ਵਿੱਚ ਉਤਪਾਦਿਤ ਅੰਬ ਅਜੇ ਵੀ ਆਪਣੇ ਸੁਆਦ ਤੇ ਗੁਣਵੱਤਾ ਲਈ ਜਾਣੇ ਜਾਂਦੇ ਹਨ।

## ਅੰਬਾਂ ਦਾ ਗੜ੍ਹ ਹੁਸ਼ਿਆਰਪੁਰ



ਹੁਸ਼ਿਆਰਪੁਰ ਨੂੰ ਅੰਬਾਂ ਦਾ ਗੜ੍ਹ ਕਿਹਾ ਜਾਂਦਾ ਹੈ। ਹੁਸ਼ਿਆਰਪੁਰ ਦੇ ਕਈ ਇਲਾਕੇ ਅੰਬਾਂ ਦੀ ਵਿਭਿੰਨਤਾ ਲਈ ਜਾਣੇ ਜਾਂਦੇ ਸਨ। ਤਲਵਾੜਾ ਅਤੇ ਦਾਤਾਰਪੁਰ ਦੀ ਪੱਟੀ, ਇੱਥੋਂ ਦੇ ਜੰਗਲੀ ਅੰਬ ਆਪਣੇ ਖ਼ਾਸ ਅਚਾਰੀ ਸਵਾਦ ਲਈ ਮਸ਼ਹੂਰ ਸਨ। ਮਾਹਿਲਪੁਰ ਦੇ 'ਸਰੋਲੀ' ਅੰਬ, ਸਰੋਲੀ ਅੰਬ ਜੋ ਸਭ ਤੋਂ ਪਹਿਲਾਂ ਪੱਕਦਾ ਹੈ, ਕਿਸੇ ਵੇਲੇ ਹੁਸ਼ਿਆਰਪੁਰ ਮੰਡੀ ਦੀ ਸ਼ਾਨ ਹੁੰਦਾ ਸੀ। ਲੰਗੜਾ ਤੇ ਦੁਸਹਿਰੀ, ਭੂੰਗਾ ਦੇ ਆਲੇ-ਦੁਆਲੇ ਦੇ ਬਾਗਾਂ ਵਿੱਚੋਂ ਨਿਕਲਿਆ ਦੁਸ਼ਹਿਰੀ ਅੰਬ ਆਪਣੀ ਖ਼ੁਸ਼ਬੂ ਨਾਲ ਪੂਰੇ ਪੰਜਾਬ ਨੂੰ ਮਹਿਕਾਉਂਦਾ ਸੀ। ਪੰਜਾਬ ਸਰਕਾਰ ਨੇ ਮਹਿਸੂਸ ਕੀਤਾ ਕਿ ਹੁਸ਼ਿਆਰਪੁਰ ਦੀ ਮਿੱਟੀ ਨਿੰਬੂ ਜਾਤੀ ਦੇ ਫ਼ਲਾਂ ਲਈ ਦੁਨੀਆ ਦੀ ਸਭ ਤੋਂ ਉੱਤਮ ਮਿੱਟੀ ਵਿੱਚੋਂ ਇਕ ਹੈ।

## ਸੈਮੀਨਾਰ ਤੇ ਸਿਖਲਾਈ ਕੈਂਪ

ਅਸਟੇਟ ਭੂੰਗਾ ਸਮੇਂ-ਸਮੇਂ 'ਤੇ ਸੈਮੀਨਾਰ ਅਤੇ ਸਿਖਲਾਈ ਕੈਂਪ ਲਗਾਉਂਦੀ ਹੈ। ਇਨ੍ਹਾਂ ਕੈਂਪਾਂ ਵਿੱਚ ਖੇਤੀ ਵਿਗਿਆਨੀ ਕਿਸਾਨਾਂ ਨੂੰ ਦੱਸਦੇ ਹਨ ਕਿ ਬਾਗ ਨੂੰ ਕਿੰਨਾ ਅਤੇ ਕਦੋਂ ਪਾਣੀ ਦੇਣਾ ਹੈ (ਡ੍ਰਿਪ ਇਰੀਗੇਸ਼ਨ) ਕਿਹੜੀਆਂ ਖਾਂਦਾ ਦੀ ਵਰਤੋਂ ਘੱਟ ਤੋਂ ਘੱਟ ਕਰਨੀ ਹੈ। ਫ਼ਲਾਂ ਨੂੰ ਕੀੜਿਆਂ ਤੋਂ ਬਚਾਉਣ ਲਈ ਜੈਵਿਕ ਤਰੀਕੇ ਕਿਹੜੇ ਹਨ। ਆਧੁਨਿਕ ਕ੍ਰਾਂਤੀ ਅਤੇ ਰੁਜ਼ਗਾਰ ਇਸ ਅਸਟੇਟ ਦੇ ਕਾਰਨ ਭੂੰਗਾ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਰੁਜ਼ਗਾਰ ਦੇ ਨਵੇਂ ਰਾਹ ਖੁੱਲ੍ਹੇ ਹਨ। ਕੋਲਡ ਸਟੋਰੇਜ ਫ਼ਲਾਂ ਨੂੰ ਸਟੋਰ ਕਰਨ ਲਈ ਕੋਲਡ ਸਟੋਰੇਜ ਦੀ ਸੁਵਿਧਾ ਵਧੀ ਹੈ। ਟ੍ਰਾਂਸਪੋਰਟ ਫ਼ਲਾਂ ਦੀ ਢੋਆ-ਢੁਆਈ ਲਈ ਸਥਾਨਕ ਨੌਜਵਾਨਾਂ ਨੂੰ ਰੁਜ਼ਗਾਰ ਮਿਲਿਆ ਹੈ। ਫ਼ਲਾਂ ਦੀ ਪੈਕਿੰਗ ਅਤੇ ਗਰੇਡਿੰਗ ਵਿੱਚ ਵੱਡੀ ਗਿਣਤੀ ਵਿੱਚ ਸਥਾਨਕ ਔਰਤਾਂ ਕੰਮ ਕਰ ਰਹੀਆਂ ਹਨ।

## ਮਹਾਰਾਜਾ ਜਗਤਜੀਤ ਸਿੰਘ ਦੀ ਸ਼ਾਹੀ ਵਿਰਾਸਤ 'ਕਾਲਾ ਬਾਗ'

ਭੂੰਗਾ ਦੇ ਬਾਗਾਂ ਦਾ ਇਤਿਹਾਸ, ਰਿਆਸਤ ਕਪੂਰਥਲਾ ਦੇ ਸੁਨਹਿਰੀ ਦੌਰ ਨਾਲ ਜੁੜਿਆ ਹੋਇਆ ਹੈ। ਮਹਾਰਾਜਾ ਜਗਤਜੀਤ ਸਿੰਘ ਫਰਾਂਸੀਸੀ ਕਲਾ ਅਤੇ ਕੁਦਰਤ ਦੇ ਪ੍ਰੇਮੀ ਸਨ। ਉਨ੍ਹਾਂ ਨੇ ਵਿਦੇਸ਼ੀ ਯਾਤਰਾਵਾਂ ਦੌਰਾਨ ਫ਼ਲਾਂ ਦੀਆਂ ਕਈ ਕਿਸਮਾਂ ਦੇਖੀਆਂ ਅਤੇ ਉਨ੍ਹਾਂ ਨੂੰ ਆਪਣੇ ਇਲਾਕੇ (ਭੂੰਗਾ/ਹੁਸ਼ਿਆਰਪੁਰ) ਵਿਚ ਲਗਵਾਇਆ। ਕਾਲਾ ਬਾਗ ਦੀ ਰਹੱਸਮਈ ਹੋਂਦ, ਪੁਰਾਣੇ ਬਜ਼ੁਰਗ ਦੱਸਦੇ ਹਨ ਕਿ ਕਾਲਾ ਬਾਗ ਵਿੱਚ ਅੰਬਾਂ ਦੇ ਰੁੱਖ ਇੰਨੇ ਵਿਸ਼ਾਲ ਅਤੇ ਘਣੇ ਸਨ ਕਿ ਦੁਪਹਿਰ ਵੇਲੇ ਵੀ ਧੁੱਪ ਦੀ ਇਕ ਕਿਰਨ ਧਰਤੀ ਨੂੰ ਨਹੀਂ ਛੂਹ ਸਕਦੀ। ਇਸੇ ਗੂੜ੍ਹੇ ਪਰਛਾਵੇਂ ਕਾਰਨ ਇਸ ਨੂੰ 'ਕਾਲਾ ਬਾਗ' ਕਿਹਾ ਜਾਂਦਾ ਸੀ। ਦੇਸੀ ਬਨਾਮ ਕਲਮੀ ਇੱਥੇ ਇਕ ਪਾਸੇ ਜਿੱਥੇ ਦੇਸੀ ਅੰਬਾਂ ਦੀਆਂ ਚੂਪਣ ਵਾਲੀਆਂ ਕਿਸਮਾਂ ਸਨ, ਉੱਥੇ ਹੀ 'ਕਲਮੀ' ਅੰਬਾਂ ਦੀਆਂ ਅਜਿਹੀਆਂ ਕਿਸਮਾਂ ਤਿਆਰ ਕੀਤੀਆਂ ਗਈਆਂ ਜੋ ਰਿਆਸਤੀ ਮਹਿਮਾਨਾਂ ਲਈ ਖ਼ਾਸ ਤੋਹਫ਼ਾ ਹੁੰਦੀਆਂ ਸਨ।



# ਨਰਮੇ ਦੀ ਕਾਸ਼ਤ ਨੂੰ ਲਾਹੇਵੰਦ ਬਣਾਉਣ ਦੀ ਲੋੜ

ਰਾਜ ਕੁਮਾਰ, ਪ੍ਰਿੰਸੀਪਲ ਐਕਸਟੈਂਸ਼ਨ ਸਾਇੰਟਿਸਟ (ਐਗਰੀਕਲਚਰਲ ਇਕੋਨੋਮਿਕਸ), ਇਕੋਨੋਮਿਕਸ ਅਤੇ ਸ਼ੋਸ਼ਿਆਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 81460-96600)

ਪੰਜਾਬ ਰਾਜ ਦੇ ਨਿਰੋਲ ਬੀਜੇ ਰਕਬੇ ਦਾ ਤਕਰੀਬਨ 79 ਫ਼ੀਸਦੀ ਹਿੱਸਾ ਇਕੱਲੇ ਝੋਨੇ ਹੇਠ ਆ ਗਿਆ। ਨਰਮਾ ਪੱਟੀ ਦੇ ਕਿਸਾਨ ਵੀ ਧਰਤੀ ਹੇਠਲੇ ਮਾੜੇ ਪਾਣੀ ਨਾਲ ਝੋਨੇ ਅਤੇ ਬਾਸਮਤੀ ਦੀ ਕਾਸ਼ਤ ਕਰਨ ਲੱਗ ਗਏ ਹਨ, ਜਿਸ ਨਾਲ ਜ਼ਮੀਨਾਂ ਵਿੱਚ ਕੱਲਰ ਦੀ ਸੰਭਾਵਨਾ ਵੱਧ ਗਈ ਹੈ। ਬੇਸ਼ੱਕ ਪਿਛਲੇ ਸਮੇਂ ਵਿੱਚ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਨੇ ਨਰਮੇ ਦੀ ਫ਼ਸਲ ਨੂੰ ਸੱਟ ਮਾਰੀ ਹੈ ਪਰ ਹਾਲੇ ਵੀ ਮੌਜੂਦਾ ਖੇਤੀ ਢਾਂਚੇ ਅਨੁਸਾਰ ਨਰਮਾ ਹੀ ਝੋਨੇ ਦਾ ਸਭ ਤੋਂ ਵਧੀਆ ਬਦਲ ਹੈ। ਗੁਣਵੱਤਾ ਪੱਖੋਂ ਪੰਜਾਬ ਵਿੱਚ ਪੈਦਾ ਹੋਈ ਰੂੰ ਉੱਚੇ ਦਰਜੇ ਦੀ ਹੈ। ਆਰਥਿਕ ਲਾਭਾਂ ਦੇ ਸੰਬੰਧ ਵਿੱਚ ਫ਼ਸਲ ਆਮ ਤੌਰ 'ਤੇ ਝੋਨੇ ਨਾਲ ਮੁਕਾਬਲਾ ਕਰਦੀ ਹੈ, ਸਿਵਾਏ ਜਦੋਂ ਇਹ ਕੀੜੇ-ਮਕੌੜਿਆਂ, ਬਿਮਾਰੀਆਂ ਅਤੇ ਮੌਸਮ ਦੀਆਂ ਅਸਥਿਰਤਾਵਾਂ ਤੋਂ ਪ੍ਰਭਾਵਿਤ ਹੁੰਦੀ ਹੈ। ਝੋਨੇ/ਬਾਸਮਤੀ ਲਈ 25-30 ਪਾਣੀਆਂ ਦੇ ਮੁਕਾਬਲੇ ਨਰਮਾ ਸਿਰਫ਼ 4-6 ਪਾਣੀਆਂ ਨਾਲ ਪਲ ਜਾਂਦਾ ਹੈ। ਪੀ. ਏ. ਯੂ. ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਨਰਮੇ ਤੋਂ ਝੋਨੇ/ਬਾਸਮਤੀ ਦੇ ਬਰਾਬਰ ਹੀ (ਲਗਪਗ 44 ਹਜ਼ਾਰ ਰੁਪਏ/ਏਕੜ) ਆਮਦਨ ਹੋ ਸਕਦੀ ਹੈ। ਇਸ ਤੋਂ ਇਲਾਵਾ ਨਰਮੇ/ਕਪਾਹ ਦਾ ਸਮਰਥਨ ਮੁੱਲ ਤਾਂ ਸਰਕਾਰ ਵੱਲੋਂ ਨਿਰਧਾਰਤ ਕੀਤਾ ਜਾਂਦਾ ਹੈ ਪਰ ਬਾਸਮਤੀ ਦਾ ਨਹੀਂ। ਸਾਲ 2025-26 ਵਿੱਚ ਦਰਮਿਆਨੇ ਅਤੇ ਲੰਬੇ ਰੇਸ਼ੇ ਵਾਲੀ ਕਪਾਹ ਦਾ ਸਮਰਥਨ ਮੁੱਲ ਕ੍ਰਮਵਾਰ 7710 ਤੇ 8110 ਰੁਪਏ ਪ੍ਰਤੀ ਕੁਇੰਟਲ ਸੀ। ਜਦੋਂ ਮੰਡੀ ਕੀਮਤਾਂ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਆਉਂਦੀਆਂ ਹਨ ਤਾਂ ਨਰਮੇ ਨੂੰ ਨਿਰਧਾਰਤ ਮੁੱਲ 'ਤੇ ਖਰੀਦਣ ਲਈ ਭਾਰਤੀ ਕਪਾਹ ਨਿਗਮ ਮੰਡੀ ਵਿੱਚ ਦਾਖ਼ਲ ਹੁੰਦਾ ਹੈ। ਇਸ ਦੇ ਉਲਟ ਬਾਸਮਤੀ ਦੀਆਂ ਕੀਮਤਾਂ ਹਮੇਸ਼ਾ ਅਨਿਸ਼ਚਿਤ ਅਤੇ ਉਤਰਾਅ-ਚੜ੍ਹਾਅ ਵਾਲੀਆਂ ਰਹਿੰਦੀਆਂ ਹਨ ਕਿਉਂਕਿ ਇਹ ਨਿੱਜੀ ਵਪਾਰੀਆਂ ਦੇ ਹੱਥ ਹੁੰਦੀਆਂ ਹਨ। ਬਾਸਮਤੀ ਹੇਠ ਰਕਬਾ ਵਧਣ ਨਾਲ ਇਸ ਦੀਆਂ ਕੀਮਤਾਂ ਵਿੱਚ ਗਿਰਾਵਟ ਆ ਜਾਂਦੀ ਹੈ, ਜਦੋਂ ਕਿ ਨਰਮੇ ਦਾ ਘੱਟੋ-ਘੱਟ ਸਮਰਥਨ (ਐਮ. ਐਸ. ਪੀ.) ਮੁੱਲ ਹਮੇਸ਼ਾ ਵਧਦਾ ਹੀ ਰਹਿੰਦਾ ਹੈ। ਝੋਨੇ ਦੇ ਮੁਕਾਬਲੇ ਨਰਮੇ ਵਿੱਚ ਕਾਮਿਆਂ ਲਈ ਵੀ ਵੱਧ ਕੰਮ ਹੁੰਦਾ ਹੈ, ਜਿਸ ਨਾਲ ਰੁਜ਼ਗਾਰ ਦੇ ਜ਼ਿਆਦਾ ਮੌਕੇ ਉਪਲਬਧ ਹੁੰਦੇ ਹਨ। ਝੋਨੇ/ਬਾਸਮਤੀ ਵਿੱਚ ਪ੍ਰਤੀ ਏਕੜ 110 ਤੋਂ 180 ਘੰਟੇ ਕੰਮ ਮਜ਼ਦੂਰਾਂ ਨੂੰ ਮਿਲਦਾ ਹੈ, ਜਦੋਂ ਕਿ ਨਰਮੇ ਵਿੱਚ 250 ਤੋਂ 300 ਘੰਟੇ ਤੱਕ ਕੰਮ ਦੀ ਲੋੜ ਹੈ। ਬੇਸ਼ੱਕ ਪਿਛਲੇ ਸਮੇਂ ਦੌਰਾਨ ਨਰਮੇ 'ਤੇ ਕੀਟਾਂ ਦੇ ਹਮਲੇ ਕਾਰਨ ਕਿਸਾਨਾਂ ਨੂੰ ਨੁਕਸਾਨ ਵੀ ਉਠਾਉਣਾ ਪਿਆ ਹੈ ਪਰ ਖੇਤੀ ਮਾਹਿਰਾਂ ਅਤੇ ਕਿਸਾਨਾਂ ਦੇ ਇਕਜੁਟ ਹੰਭਲੇ ਨਾਲ ਇਸ ਸਮੱਸਿਆ ਤੋਂ ਵੀ ਛੁਟਕਾਰਾ ਮਿਲ ਸਕਦਾ ਹੈ। ਵਧੀਆ ਗੁਣਵੱਤਾ ਵਾਲੇ ਬੀਜ, ਕੀਟਨਾਸ਼ਕ ਅਤੇ ਹੋਰ ਸਮੱਗਰੀਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਦੀ ਲੋੜ ਹੈ। ਗੁਲਾਬੀ ਸੁੰਡੀ ਦੇ ਹਮਲੇ ਤੋਂ ਬਚਾਅ ਲਈ ਤੇਲ ਮਿੱਲਾਂ/ਵੇਲਾਈ ਮਸ਼ੀਨਾਂ 'ਤੇ ਸਾਰਾ ਸਾਲ ਸਖ਼ਤ ਨਜ਼ਰ ਰੱਖੀ ਜਾਵੇ ਕਿਉਂਕਿ ਨਰਮੇ ਦੇ ਬੀਜਾਂ ਵਿੱਚ ਗੁਲਾਬੀ ਸੁੰਡੀ ਦੇ ਸੁੰਡ ਛੁਪੇ ਹੋਣ ਕਾਰਨ ਇਹ ਇਸ ਦੇ ਹਮਲੇ ਦਾ ਮੁੱਖ ਸਰੋਤ ਬਣਦੇ ਹਨ। ਦੇਸੀ ਕਪਾਹ 'ਤੇ ਕੀਟਾਂ ਦਾ ਹਮਲਾ ਵੀ ਘੱਟ ਹੁੰਦਾ ਹੈ ਅਤੇ ਇਸ ਦਾ ਭਾਅ ਵੀ ਕਾਫ਼ੀ ਵਧੀਆ ਮਿਲ ਜਾਂਦਾ ਹੈ। ਝੋਨੇ ਨੂੰ ਦੇਸੀ ਕਪਾਹ ਨਾਲ ਬਦਲਣ ਦਾ ਪ੍ਰੋਗਰਾਮ ਸ਼ੁਰੂ ਕਰਨ ਦੀ ਵੀ ਲੋੜ ਹੈ। ਦੇਸੀ ਕਪਾਹ ਨੂੰ ਪੱਤਾ ਮਰੋੜ ਵਿਸ਼ਾਣੂ ਅਤੇ ਚਿੱਟੀ ਮੱਖੀ ਪ੍ਰਤੀ ਸਹਿਣਸ਼ੀਲ ਮੰਨਿਆ ਜਾਂਦਾ ਹੈ ਪਰ ਨਰਮੇ ਦੇ ਮੁਕਾਬਲੇ ਦੇਸੀ ਕਪਾਹ ਦਾ ਝਾੜ ਘੱਟ ਅਤੇ ਚੁਗਾਈ ਦੀ ਲਾਗਤ ਜ਼ਿਆਦਾ ਹੈ। ਦੇਸੀ ਵਪਾਰ ਦੇ ਕਾਸ਼ਤਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਕੁਝ ਵਿੱਤੀ ਮਦਦ ਅਤੇ ਮੰਡੀਕਰਨ ਸਹਾਇਤਾ ਪ੍ਰਦਾਨ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ ਕਿਸਾਨਾਂ ਨੂੰ ਉੱਚ ਗੁਣਵੱਤਾ ਦੇ ਬੀਜ ਅਤੇ ਪੌਦ ਸੁਰੱਖਿਆ ਲਈ ਕਾਰਗਰ ਰਸਾਇਣ ਜਾਂ ਢੰਗਾਂ ਦੇ ਨਾਲ-ਨਾਲ ਅਤੇ ਫ਼ਸਲੀ ਬੀਮੇ ਦਾ ਭਰੋਸਾ ਦੇਣ ਦੀ ਲੋੜ ਹੈ। ਦੇਸ਼ ਵਿੱਚ ਸ਼ੁਰੂ ਕੀਤੇ 'ਕਪਾਹ ਉਤਪਾਦਕਤਾ ਮਿਸ਼ਨ' ਨਾਲ ਵੀ ਕਪਾਹ ਕਾਸ਼ਤਕਾਰਾਂ ਦੀ ਆਰਥਿਕਤਾ ਸੁਧਾਰਨ ਵਿੱਚ ਮਦਦ ਮਿਲ ਸਕਦੀ ਹੈ। ਪੰਜਾਬ ਦੀ ਨਰਮਾ ਪੱਟੀ ਵਿੱਚ ਧਰਤੀ ਹੇਠਲੇ ਮਾੜੇ ਪਾਣੀ ਨਾਲ ਝੋਨਾ ਉਗਾਉਣ ਨਾਲੋਂ ਨਹਿਰੀ ਪਾਣੀ ਨਾਲ ਨਰਮੇ ਦੀ ਫ਼ਸਲ ਲੈਣੀ ਹੀ ਸਿਆਣਪ ਹੋਵੇਗੀ। ਇਸ ਨਾਲ ਪਾਣੀ ਨੂੰ ਬਚਾਉਣ ਵਿੱਚ ਮਦਦ ਮਿਲੇਗੀ ਅਤੇ ਰੁਜ਼ਗਾਰ ਦੇ ਮੌਕੇ ਵੀ ਵਧਣਗੇ। ਆਓ, ਸਾਰੇ ਰਲ ਕੇ ਪੰਜਾਬ ਵਿੱਚ ਚਿੱਟੇ ਸੋਨੇ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰੀਏ।



# ਸਿੱਧੀ ਬਿਜਾਈ ਵਿੱਚ ਸਹਿਕਾਰੀ ਸਭਾਵਾਂ ਦੀ ਭੂਮਿਕਾ

ਡਾ. ਹਰਜੀਤ ਸਿੰਘ ਭੰਦੋਲਾ, ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਮਾਨਸਾ (ਮੋਬਾਇਲ : 94179-47680)

**ਝੋਨੇ ਦੀ ਸਿੱਧੀ ਬਿਜਾਈ ਵਾਲੇ ਖੇਤਾਂ ਵਿੱਚ ਫ਼ਸਲ ਦੀ ਵਾਢੀ ਪਹਿਲਾਂ ਹੋਣ ਨਾਲ ਖੇਤ ਖਾਲੀ ਹੋ ਜਾਂਦੇ ਹਨ ਜਿਸ ਨਾਲ ਅਗਲੀ ਫ਼ਸਲ ਦੀ ਬਿਜਾਈ ਲਈ ਕਿਸਾਨਾਂ ਨੂੰ ਢੁਕਵਾਂ ਸਮਾਂ ਮਿਲ ਜਾਂਦਾ ਹੈ ਪਰ ਫਿਰ ਵੀ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਕਰਨ ਤੋਂ ਝਿਜਕਦੇ ਹਨ।**

ਝੋਨੇ ਦੀ ਫ਼ਸਲ ਪਾਣੀ ਦੀ ਵਧੇਰੇ ਖ਼ਪਤ ਵਾਲੀ ਫ਼ਸਲ ਵਜੋਂ ਜਾਣੀ ਜਾਂਦੀ ਹੈ। ਇਹ ਕਿਹਾ ਜਾਂਦਾ ਹੈ ਕਿ ਇੱਕ ਕਿਲੋਗ੍ਰਾਮ ਝੋਨੇ ਦੀ ਫ਼ਸਲ ਤਿਆਰ ਕਰਨ ਲਈ ਲਗਪਗ 4000 ਲੀਟਰ ਪਾਣੀ ਦੀ ਲੋੜ ਹੁੰਦੀ ਹੈ। ਇਸ ਲਿਹਾਜ਼ ਨਾਲ ਸੂਬੇ ਵਿੱਚ ਲਗਪਗ 14 ਲੱਖ ਟਿਊਬਵੈੱਲ ਧਰਤੀ ਹੇਠਲੇ ਪਾਣੀ ਨੂੰ 179 ਪ੍ਰਤੀਸ਼ਤ ਦੀ ਦਰ ਨਾਲ ਬਾਹਰ ਕੱਢ ਰਹੇ ਹਨ। ਅਜਿਹੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਹੀ ਇੱਕ ਮਾਤਰ ਵਿਕਲਪ ਬਚਦਾ ਹੈ, ਜੋ ਧਰਤੀ ਹੇਠਲੇ ਪਾਣੀ ਦੀ 30 ਪ੍ਰਤੀਸ਼ਤ ਤੱਕ ਬਚਤ ਕਰਵਾ ਸਕਦੀ ਹੈ। ਇਸ ਵਿਧੀ ਰਾਹੀਂ ਮਜ਼ਦੂਰਾਂ ਦੀ ਨਿਰਭਰਤਾ ਅਤੇ ਹੋਰ ਫ਼ਸਲੀ ਲਾਗਤਾਂ ਵੀ ਘਟਾਈਆਂ ਜਾ ਸਕਦੀਆਂ ਹਨ। ਪ੍ਰੰਤੂ ਝੋਨੇ ਦੀ ਸਿੱਧੀ ਬਿਜਾਈ ਦੀ ਵਿਧੀ ਪੰਜਾਬ ਵਿੱਚ ਪ੍ਰਫੁੱਲਿਤ ਨਹੀਂ ਹੋ ਸਕੀ। ਅੰਕੜਿਆਂ ਅਨੁਸਾਰ ਪੰਜਾਬ ਵਿੱਚ ਹਰ ਸਾਲ 32 ਲੱਖ ਏਕੜ ਰਕਬੇ ਵਿੱਚ ਝੋਨੇ ਦੀ ਬਿਜਾਈ ਹੁੰਦੀ ਹੈ ਜਿਸ ਵਿੱਚ ਕੇਵਲ 24 ਏਕੜ ਰਕਬਾ ਹੀ ਸਿੱਧੀ ਬਿਜਾਈ ਹੇਠ ਆਉਂਦਾ ਹੈ। ਹਾਲਾਂਕਿ ਸਰਕਾਰ 5 ਲੱਖ ਏਕੜ ਰਕਬਾ ਸਿੱਧੀ ਬਿਜਾਈ ਹੇਠ ਲਿਆਉਣਾ ਚਾਹੁੰਦੀ ਹੈ। ਸਾਲ 2023 ਤੋਂ ਪੰਜਾਬ ਸਰਕਾਰ ਵੱਲੋਂ ਸਿੱਧੀ ਬਿਜਾਈ ਨੂੰ ਪ੍ਰਫੁੱਲਿਤ ਕਰਨ ਪ੍ਰਤੀ ਅਗਾਂਹਵਧੂ ਪਹੁੰਚ ਅਪਣਾਈ ਗਈ ਹੈ। ਝੋਨੇ ਦੀ ਸਿੱਧੀ ਬਿਜਾਈ ਵਾਲੇ ਖੇਤਾਂ ਵਿੱਚ ਫ਼ਸਲ ਦੀ ਵਾਢੀ ਪਹਿਲਾਂ ਹੋਣ ਨਾਲ ਖੇਤ ਖਾਲੀ ਹੋ ਜਾਂਦੇ ਹਨ, ਜਿਸ ਨਾਲ ਅਗਲੀ ਫ਼ਸਲ ਦੀ ਬਿਜਾਈ ਲਈ ਕਿਸਾਨਾਂ ਨੂੰ ਢੁਕਵਾਂ ਸਮਾਂ ਮਿਲ ਜਾਂਦਾ ਹੈ ਪਰ ਫਿਰ ਵੀ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਕਰਨ ਤੋਂ ਝਿਜਕਦੇ ਹਨ। ਦੂਜੇ ਪਾਸੇ ਪ੍ਰਚਾਰ ਤੇ ਪਸਾਰ ਸਾਧਨਾਂ ਦੀ ਘਾਟ, ਲੋੜੀਂਦੀ ਮਸ਼ੀਨਰੀ ਦੀ ਅਣਹੋਂਦ, ਘੱਟ ਝਾੜ ਕਟੌਤੀ ਅਤੇ ਤਕਨੀਕੀ ਰੁਕਾਵਟਾਂ ਇਸ ਵਿੱਚ ਅੜਿੱਕਾ ਹਨ। ਅਜਿਹੇ ਵਿੱਚ ਸਹਿਕਾਰੀ ਸਭਾਵਾਂ ਸਿੱਧੀ ਬਿਜਾਈ ਨੂੰ ਪ੍ਰਫੁੱਲਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਸਕਦੀਆਂ ਹਨ। ਪਹਿਲਾਂ, ਸਭਾਵਾਂ ਦੇ ਮਾਧਿਅਮ ਰਾਹੀਂ ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਜਿਹੜੇ ਕਿਸਾਨ ਮੈਂਬਰ ਝੋਨੇ ਦੀ ਬਿਜਾਈ ਲਈ ਸਿੱਧੀ ਬਿਜਾਈ ਵਾਲੀ ਵਿਧੀ ਦੀ ਵਰਤੋਂ ਕਰਨਗੇ ਉਨ੍ਹਾਂ ਨੂੰ ਸਭਾਵਾਂ ਰਾਹੀਂ ਗੁਣਵੱਤਾ ਭਰਪੂਰ ਬੀਜ, ਨਦੀਨਨਾਸ਼ਕ ਅਤੇ ਖਾਦ ਪਹਿਲ ਦੇ ਆਧਾਰ 'ਤੇ ਦਿੱਤੀ ਜਾਵੇਗੀ। ਜੇਕਰ ਸਭਾਵਾਂ ਰਾਹੀਂ ਕਿਸਾਨ ਮੈਂਬਰਾਂ ਨੂੰ ਸਮੇਂ ਸਿਰ ਸੁਵਿਧਾਵਾਂ ਮਿਲਦੀਆਂ ਹਨ ਤਾਂ ਨਿਸ਼ਚੇ ਹੀ ਸਿੱਧੀ ਬਿਜਾਈ ਹੇਠਲਾ ਰਕਬਾ ਵਧਾਇਆ ਜਾ ਸਕਦਾ ਹੈ।

ਦੂਸਰਾ, ਪੰਜਾਬ ਵਿੱਚ ਲਗਪਗ 3520 ਸਹਿਕਾਰੀ ਖੇਤੀਬਾੜੀ ਸਭਾਵਾਂ ਕਾਰਜਸ਼ੀਲ ਹਨ। ਇਨ੍ਹਾਂ ਵਿੱਚੋਂ ਲਗਪਗ 60 ਫ਼ੀਸਦੀ ਸਭਾਵਾਂ ਕੋਲ ਖੇਤੀਬਾੜੀ ਮਸ਼ੀਨਰੀ ਦੀ ਸੁਵਿਧਾ ਹੈ। ਇਹ ਖੇਤੀਬਾੜੀ ਲਈ ਲੋੜੀਂਦੇ ਸੰਦ ਜਿਵੇਂ ਟਰੈਕਟਰ, ਲੇਜ਼ਰ ਲੈਵਲਰ, ਤਵੀਆਂ, ਰੋਟਾਵੇਟਰ, ਜ਼ੀਰੋ ਡਰਿੱਲ, ਪਲਾਓ ਹਲ ਤੇ ਸੁਪਰਸੀਡਰ ਆਦਿ ਕਿਸਾਨ ਮੈਂਬਰਾਂ ਨੂੰ ਵਾਜਬ ਕਿਰਾਏ 'ਤੇ ਮੁਹੱਈਆ ਕਰਵਾ ਰਹੀਆਂ ਹਨ। ਲੈਂਡ ਲੈਵਲਰ ਵਰਗੇ ਸੰਦਾਂ ਦੀ ਮਦਦ ਨਾਲ ਖੇਤਾਂ ਨੂੰ ਪੱਧਰਾ ਕਰਨ ਵਿੱਚ ਮਦਦ ਮਿਲੀ ਹੈ। ਨਤੀਜੇ ਵਜੋਂ ਖੇਤ ਵਿੱਚ ਪਾਣੀ ਦੀ ਖ਼ਪਤ ਘਟੀ ਹੈ। ਦੇਖਣ ਵਿੱਚ ਆਇਆ ਹੈ ਕਿ ਕੁਝ ਸਭਾਵਾਂ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਲਈ ਮਸ਼ੀਨਾਂ ਖਰੀਦਣ ਵਿੱਚ ਦਿਲਚਸਪੀ ਨਹੀਂ ਲਈ ਜਾ ਰਹੀ ਹੈ, ਜਿਸ ਕਾਰਨ ਇਹ ਮਸ਼ੀਨਾਂ ਸਭਾਵਾਂ ਵਿੱਚ ਉਪਲੱਬਧ ਨਹੀਂ ਹਨ। ਜਿੱਥੇ ਕੁਝ ਸਭਾਵਾਂ ਵਿੱਚ ਇਹ ਮਸ਼ੀਨਾਂ ਉਪਲੱਬਧ ਹਨ, ਉਨ੍ਹਾਂ ਦੀ ਵਰਤੋਂ ਦੇ ਟੀਚੇ ਬਹੁਤ ਵਧੀਆ ਨਹੀਂ ਹਨ। ਜਦਕਿ ਸਭਾਵਾਂ ਝੋਨੇ ਦੀ ਸਿੱਧੀ ਬਿਜਾਈ ਦੇ ਪ੍ਰਚਾਰ ਅਤੇ ਪਸਾਰ ਵਿੱਚ ਅਹਿਮ ਯੋਗਦਾਨ ਪਾ ਸਕਦੀਆਂ ਹਨ, ਕਿਉਂਕਿ ਸਭਾ ਇੱਕ ਪਿੰਡ ਵਿੱਚ ਸਹਿਕਾਰਤਾ ਦੀ ਇਕਾਈ ਵਜੋਂ ਕੰਮ ਕਰਦੀ ਹੈ। ਖੇਤੀਬਾੜੀ ਵਿਭਾਗ ਦੁਆਰਾ ਸਭਾਵਾਂ ਦੇ ਮਾਧਿਅਮ ਰਾਹੀਂ ਪਿੰਡਾਂ ਵਿੱਚ ਕੈਂਪ ਲਾਏ ਜਾਣੇ ਚਾਹੀਦੇ ਹਨ। ਹਰ ਪਿੰਡ ਵਿੱਚ ਮਾਡਲ ਕਿਸਾਨਾਂ ਦਾ ਗਰੁੱਪ ਤਿਆਰ ਕੀਤਾ ਜਾਵੇ ਅਤੇ ਉਨ੍ਹਾਂ ਦੀ ਜ਼ਮੀਨ ਵਿੱਚ ਝੋਨੇ ਦੀ ਸਿੱਧੀ ਬਿਜਾਈ ਦੇ ਉਪਰਾਲੇ ਕਰ ਕੇ 'ਪਾਇਲਟ ਪ੍ਰਜੈਕਟ' ਪਿੰਡ ਪੱਧਰ 'ਤੇ ਹੀ ਬਣਾਇਆ ਜਾਵੇ ਤਾਂ ਜੋ ਹੋਰ ਕਿਸਾਨ ਇਸ ਮਾਡਲ ਨੂੰ ਦੇਖ ਕੇ ਉਤਸ਼ਾਹਿਤ ਹੋਣ। ਤੀਸਰਾ, ਇਹ ਸੰਸਥਾਵਾਂ ਕਿਸਾਨਾਂ ਦੇ ਸਭ ਤੋਂ ਵੱਧ ਨੇੜੇ ਹਨ। ਖ਼ਾਸ ਕਰ ਕੇ ਛੋਟੀ ਅਤੇ ਸੀਮਾਂਤ ਕਿਸਾਨੀ ਇਨ੍ਹਾਂ ਸੰਸਥਾਵਾਂ ਵੱਲ ਉਮੀਦ ਦੀ ਕਿਰਨ ਵਜੋਂ ਵੇਖਦੀ ਹੈ ਕਿਉਂਕਿ ਸਭਾਵਾਂ ਹੀ ਉਨ੍ਹਾਂ ਦੀਆਂ ਲੋੜਾਂ ਪੂਰਾ ਕਰਦੀਆਂ ਹਨ। ਚੌਥਾ, ਸਹਿਕਾਰੀ ਸਭਾਵਾਂ ਦੁਆਰਾ ਸਥਾਪਿਤ ਐਗਰੋ ਸੈਂਟਰਾਂ ਰਾਹੀਂ ਪਿੰਡਾਂ ਦੇ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਆਪਣੀਆਂ ਖੇਤੀ ਲਾਗਤਾਂ ਘਟਾਉਣ ਵਿੱਚ ਮਦਦ ਮਿਲੀ ਹੈ। ਸੂਝਵਾਨ ਕਿਸਾਨਾਂ ਨੂੰ ਸਭਾਵਾਂ ਦੀ ਮਸ਼ੀਨਰੀ ਦੀ ਵਰਤੋਂ ਕਰ ਕੇ ਮਹਿੰਗੀ ਖੇਤੀਬਾੜੀ ਮਸ਼ੀਨਰੀ ਤੋਂ ਨਿਜਾਤ ਪਾਈ ਹੈ। ਇਸ ਨਾਲ ਛੋਟੀ ਅਤੇ ਸੀਮਾਂਤ ਕਿਸਾਨੀ ਦੇ ਜੋਖਮਾਂ ਨੂੰ ਘਟਾਉਣ ਵਿੱਚ ਮਦਦ ਮਿਲੀ ਹੈ। ਜੇਕਰ ਕਿਸਾਨਾਂ ਦੀਆਂ ਐੱਫ ਪੀ ਓ ਸਹਿਕਾਰੀ ਸਭਾਵਾਂ ਰਾਹੀਂ ਬਣਾ ਕੇ ਜ਼ਮੀਨ ਨੂੰ ਪੂਲ ਕੀਤਾ ਜਾਵੇ ਅਤੇ ਝੋਨੇ ਦੀ ਸਿੱਧੀ ਬਿਜਾਈ ਲਈ ਪ੍ਰਯੋਗ ਕੀਤੇ ਜਾਣ ਤਾਂ ਇਹ ਕਾਫ਼ੀ ਕਾਰਗਰ ਸਿੱਧ ਹੋ ਸਕਦੇ ਹਨ। ਜੇਕਰ ਸ਼ੁਰੂਆਤੀ ਸਾਲਾਂ ਵਿੱਚ ਝੋਨੇ ਦੀ ਸਿੱਧੀ ਬਿਜਾਈ ਵਾਲੀ ਫ਼ਸਲ ਦਾ ਝਾੜ ਘਟਦਾ ਹੈ ਤਾਂ ਸਰਕਾਰ ਦੁਆਰਾ ਅਜਿਹੇ ਕਿਸਾਨਾਂ ਨੂੰ ਬੋਨਸ ਦਿੱਤਾ ਜਾਣਾ ਚਾਹੀਦਾ ਹੈ।



# ਕਮਾਦ : ਉਤਪਾਦਨ ਆਧਾਰਿਤ ਕਿਸਮਾਂ ਚੁਣੋ

ਕਮਾਦ ਬਹੁ-ਮੰਤਵੀ ਫ਼ਸਲ ਹੈ । ਪੰਜਾਬ ਵਿੱਚ ਕਮਾਦ ਖੰਡ ਉਤਪਾਦਨ ਵਾਲੀਆਂ ਫ਼ਸਲਾਂ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ । ਕਮਾਦ ਦੀ ਫ਼ਸਲ ਬਿਜਾਈ ਤੋਂ ਕਟਾਈ ਤੱਕ ਪਹੁੰਚਣ ਲਈ ਲੰਮਾ ਸਮਾਂ ਲੈਂਦੀ ਹੈ, ਜਿਸ ਦਾ ਵਕਫਾ ਲਗਪਗ 10 ਤੋਂ 12 ਮਹੀਨੇ ਦਾ ਹੁੰਦਾ ਹੈ । ਇਸ ਲਈ ਕਮਾਦ ਤੋਂ ਵੱਧ ਮੁਨਾਫ਼ਾ ਲੈਣ ਲਈ ਇਸਦੀ ਵਿਉਂਤਬੰਦੀ ਬੀਜਣ ਤੋਂ ਪਹਿਲਾਂ ਹੀ ਕਰ ਲੈਣੀ ਚਾਹੀਦੀ ਹੈ । ਇਸ ਸੰਦਰਭ ਵਿੱਚ ਸਭ ਤੋਂ ਪਹਿਲਾਂ ਕਿਸਾਨ ਦਾ ਉਦੇਸ਼ ਸਪੱਸ਼ਟ ਅਤੇ ਪੱਕਾ ਹੋਣਾ ਚਾਹੀਦਾ ਹੈ, ਜਿਸ ਵਿੱਚ ਇਸ ਫ਼ਸਲ ਦੀ ਸਹੀ ਕਿਸਮ ਦੀ ਚੋਣ ਅਤੇ ਸਾਂਭ-ਸੰਭਾਲ ਇੱਕ ਅਹਿਮ ਭੂਮਿਕਾ ਨਿਭਾਉਂਦੀ ਹੈ । ਕਿਸਾਨ ਕੋਲ ਕਮਾਦ ਦੀ ਬਿਜਾਈ ਲਈ ਤਿੰਨ ਮੁੱਖ ਉਦੇਸ਼ ਹਨ ।

> ਗੁੜ ਲਈ ਗੰਨੇ ਦੀ ਕਾਸ਼ਤ ਪੰਜਾਬ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਲਘੂ ਉਦਯੋਗ ਦੇ ਰੂਪ ਵਿੱਚ ਕੀਤੀ ਜਾਂਦੀ ਹੈ । ਇਸ ਲਈ ਅਗੇਤੀ ਅਤੇ ਦਰਮਿਆਨੀ ਪਿਛੇਤੀ ਕਿਸਮਾਂ ਦੀ ਬਿਜਾਈ ਦੀ ਸਿਫ਼ਾਰਸ਼ ਕੀਤੀ ਗਈ ਹੈ, ਤਾਂ ਜੋ ਗੁੜ ਦਾ ਉਤਪਾਦਨ ਦਸੰਬਰ ਤੋਂ ਸ਼ੁਰੂ ਹੋ ਕੇ ਵਿਸਾਖੀ ਤੱਕ ਲਗਾਤਾਰ ਕੀਤਾ ਜਾ ਸਕੇ ।



**ਖੰਡ ਮਿਲ ਲਈ** : ਵੱਡੇ ਪੱਧਰ 'ਤੇ ਕਮਾਦ ਦੀ ਕਾਸ਼ਤ ਖੰਡ ਮਿਲ ਨੂੰ ਕੱਚੇ ਮਾਲ ਦੇ ਤੌਰ 'ਤੇ ਦੇਣ ਲਈ ਕੀਤੀ ਜਾਂਦੀ ਹੈ । ਇਸ ਉਦੇਸ਼ ਦੀ ਪੂਰਤੀ ਲਈ ਕਿਸਾਨ ਨੇ ਵੱਧ ਝਾੜ ਪ੍ਰਾਪਤ ਕਰਨਾ ਹੁੰਦਾ ਹੈ । ਇਸ ਮੰਤਵ ਅਧੀਨ ਅਗੇਤੀ, ਦਰਮਿਆਨੀ ਤੇ ਪਿਛੇਤੀ ਕਿਸਮਾਂ ਦੀ ਬਿਜਾਈ 2:1 ਵਿੱਚ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ਹੈ ਜਿਸ ਨਾਲ ਮਿੱਲਾਂ ਦਾ ਪਿੜਾਈ ਦਾ ਅੰਤਰਾਲ ਵੱਧ ਜਾਂਦਾ ਹੈ । ਅਗੇਤੀਆਂ ਸਿਫ਼ਾਰਸ਼ਸ਼ੁਦਾ ਕਿਸਮਾਂ ਵਿੱਚ ਸੀ ਓ ਪੀ ਬੀ 95, ਸੀ ਓ ਪੀ ਬੀ 96, ਸੀ ਓ ਪੀ ਬੀ 92, ਸੀ ਓ 118 ਤੇ ਸੀ ਓ ਜੇ 85 ਸ਼ਾਮਲ ਹਨ ਜਿਨ੍ਹਾਂ ਦਾ ਔਸਤਨ ਝਾੜ ਕ੍ਰਮਵਾਰ 425, 382, 335, 320, 305 ਪ੍ਰਤੀ ਏਕੜ ਹੈ ਜਦਕਿ ਦਰਮਿਆਨੀਆਂ ਪਛੇਤੀਆਂ ਕਿਸਮਾਂ ਵਿੱਚ ਸੀ ਓ ਪੀ ਬੀ 98, ਸੀ ਓ ਪੀ ਬੀ 94, ਸੀ ਓ ਪੀ ਬੀ 93 ਅਤੇ ਸੀ ਓ ਪੀ ਬੀ 91 ਸ਼ਾਮਲ ਹਨ ਜਿਨ੍ਹਾਂ ਦਾ ਝਾੜ 400, 400, 390 ਤੇ 410 ਕੁਇੰਟਲ ਪ੍ਰਤੀ ਏਕੜ ਹੈ ।

**ਰਸ ਲਈ** : ਪੰਜਾਬ ਵਿੱਚ ਗਰਮੀਆਂ ਦੇ ਮੌਸਮ ਵਿੱਚ ਗੰਨੇ ਦੇ ਰਸ ਦੀ ਮੰਗ ਬਹੁਤ ਵਧ ਜਾਂਦੀ ਹੈ । ਇਸ ਲਈ ਇਨ੍ਹਾਂ ਹਾਲਾਤਾਂ ਹੇਠ ਵੱਧ ਰਸ ਵਾਲੇ ਅਤੇ ਪੀੜਨ ਵਿੱਚ ਸੌਖੇ ਗੰਨੇ ਦੀਆਂ ਕਿਸਮਾਂ ਦੀ ਚੋਣ ਕਰਨੀ ਲਾਜ਼ਮੀ ਹੈ ਜਿਨ੍ਹਾਂ ਵਿੱਚ ਸੀ ਓ ਪੀ ਬੀ 85 ਅਤੇ ਸੀ ਓ ਪੀ ਬੀ 98 ਸ਼ਾਮਲ ਹਨ ਜਿਨ੍ਹਾਂ ਦਾ ਔਸਤ ਉਤਪਾਦਨ ਕ੍ਰਮਵਾਰ 305 ਅਤੇ 400 ਕੁਇੰਟਲ ਪ੍ਰਤੀ ਏਕੜ ਹੈ ।

**ਗੁੜ ਤੇ ਸ਼ੱਕਰ ਲਈ** : ਗੁੜ ਲਈ ਗੰਨੇ ਦੀ ਕਾਸ਼ਤ ਪੰਜਾਬ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਲਘੂ ਉਦਯੋਗ ਦੇ ਰੂਪ ਵਿੱਚ ਕੀਤੀ ਜਾਂਦੀ ਹੈ । ਇਸ ਲਈ ਅਗੇਤੀ ਅਤੇ ਦਰਮਿਆਨੀ ਪਿਛੇਤੀ ਕਿਸਮਾਂ ਦੀ ਬਿਜਾਈ ਦੀ ਸਿਫ਼ਾਰਸ਼ ਕੀਤੀ ਗਈ ਹੈ, ਤਾਂ ਜੋ ਗੁੜ ਦਾ ਉਤਪਾਦਨ ਦਸੰਬਰ ਤੋਂ ਸ਼ੁਰੂ ਹੋ ਕੇ ਵਿਸਾਖੀ ਤੱਕ ਲਗਾਤਾਰ ਕੀਤਾ ਜਾ ਸਕੇ । ਵਧੀਆ ਗੁੜ ਬਣਾਉਣ ਲਈ ਅਗੇਤੀਆਂ ਕਿਸਮਾਂ ਸੀ ਓ ਜੇ 64, ਸੀ ਓ 15023, ਸੀ ਓ ਪੀ ਬੀ 92, ਸੀ ਓ 118, ਸੀ ਓ ਜੇ 85 ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਅਤੇ ਦਰਮਿਆਨੀਆਂ ਪਛੇਤੀ ਕਿਸਮਾਂ ਵਿੱਚ ਸੀ ਓ ਜੇ 88, ਸੀ ਓ ਪੀ ਬੀ 98 ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਮਿਆਰੀ ਗੁੜ ਬਣਾਉਣ ਲਈ ਕਮਾਦ ਦੀ ਸਾਂਭ ਸੰਭਾਲ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਇਸ ਲਈ ਜ਼ਰੂਰੀ ਨੁਕਤੇ ਹੇਠ ਲਿਖੇ ਅਨੁਸਾਰ ਹਨ :

★ ਗੰਨੇ ਵਿਚਲੀ ਸੁਕਰੋਜ਼ (ਕਣ) ਦੀ ਮਾਤਰਾ ਇਸਦੀ ਗੁਣਵੱਤਾ ਤੈਅ ਕਰਦੀ ਹੈ । ਇਸ ਲਈ ਸੁਕਰੋਜ਼ ਦੀ ਸਹੀ ਮਾਤਰਾ ਨੂੰ ਕਾਇਮ ਰੱਖਣ ਲਈ ਕਮਾਦ ਨੂੰ ਸਮੇਂ ਸਿਰ ਖਾਦ ਅਤੇ ਪਾਣੀ ਦੇਣਾ ਜ਼ਰੂਰੀ ਹੈ ।

★ ਗੁੜ ਬਣਾਉਣ ਲਈ ਤਾਜ਼ਾ ਕੱਟਿਆ ਕਮਾਦ ਜੋ ਕੀਟ ਜਾਂ ਜਾਨਵਰਾਂ ਦੇ ਸੰਕਰਮਣ ਤੋਂ ਰਹਿਤ ਹੋਵੇ ਨੂੰ ਵਰਤਣਾ ਚਾਹੀਦਾ ਹੈ ।

★ ਡਿੱਗੇ ਹੋਏ ਅਤੇ ਪੁੰਗਰੇ ਹੋਏ ਕਮਾਦ ਨਾਲ ਬਣੇ ਗੁੜ ਦੀ ਗੁਣਵੱਤਾ ਘੱਟ ਜਾਂਦੀ ਹੈ, ਇਸ ਲਈ ਸਾਫ਼ ਗੰਨੇ ਦੀ ਵਰਤੋਂ ਕਰਨੀ ਚਾਹੀਦੀ ਹੈ । ਗੰਨੇ ਨੂੰ ਡਿੱਗਣ ਤੋਂ ਬਚਾਉਣ ਲਈ ਸਮੇਂ ਸਿਰ ਬਨਾਈ ਅਤੇ ਮਿੱਟੀ ਚੜ੍ਹਾਉਣੀ ਜ਼ਰੂਰੀ ਹੈ ।

ਇਨ੍ਹਾਂ ਸਾਰੇ ਉਦੇਸ਼ਾਂ ਨੂੰ ਪਾਉਣ ਲਈ ਸਹੀ ਕਿਸਮ ਦੀ ਚੋਣ, ਬੀਜਣ ਦਾ ਸਮਾਂ ਅਤੇ ਸਾਂਭ-ਸੰਭਾਲ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ । ਵੱਧ ਮੁਨਾਫ਼ੇ ਅਤੇ ਉੱਚਿਤ ਉਦੇਸ਼ ਪੂਰਤੀ ਲਈ ਕਮਾਦ ਦੀ ਕਟਾਈ ਦੌਰਾਨ ਕੁਝ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ । ਕਮਾਦ ਦੀ ਉਮਰ ਲਗਪਗ 10 ਤੋਂ 12 ਮਹੀਨੇ ਹੋਣੀ ਚਾਹੀਦੀ ਹੈ ਅਤੇ ਇਸ ਦੀ ਰਸ ਦੀ ਬਰਿਕਸ ਔਸਤਨ 19 ਤੋਂ 20 ਹੋਣੀ ਚਾਹੀਦੀ ਹੈ । ਇਸ ਬਰਿਕਸ ਨੂੰ ਨਾਪਣ ਲਈ ਗੰਨੇ ਦੇ ਹੇਠਲੇ, ਵਿਚਕਾਰਲੇ ਅਤੇ ਉੱਪਰਲੇ ਹਿੱਸੇ ਤੋਂ ਰਸ ਕੱਢ ਕੇ ਬਰਿਕਸ ਦੇਖਣੀ ਚਾਹੀਦੀ ਹੈ, ਅਤੇ ਇਸ ਦੀ ਔਸਤ ਕੱਢਣੀ ਚਾਹੀਦੀ ਹੈ । ਔਸਤ 19 ਤੋਂ 20 ਬਰਿਕਸ ਵਾਲਾ ਗੰਨਾ ਪੱਕਾ ਮੰਨਿਆ ਜਾਂਦਾ ਹੈ, ਜਿਸ ਵਿੱਚੋਂ ਖੰਡ ਅਤੇ ਗੁੜ ਉੱਤਮ ਗੁਣਵੱਤਾ ਵਾਲਾ ਬਣ ਸਕਦਾ ਹੈ ।

**ਗੁਲਜ਼ਾਰ ਸਿੰਘ ਸੰਘੇੜਾ, ਨਵਦੀਪ ਸਿੰਘ ਜਮਵਾਲ ਅਤੇ ਇੰਦਰਪਾਲ ਕੌਰ,**
**ਪੀ ਏ ਯੂ, ਖੇਤਰੀ ਖੋਜ ਕੇਂਦਰ, ਕਪੂਰਥਲਾ**





# ਕੱਦੂ ਜਾਤੀ ਸਬਜ਼ੀਆਂ ਵਿੱਚ ਮਾਦਾ ਫੁੱਲਾਂ ਦੀ ਗਿਣਤੀ ਨੂੰ ਵਧਾਉਣ ਲਈ ਤਕਨੀਕੀ ਹਦਾਇਤਾਂ

**ਕੱਦੂ ਜਾਤੀ ਸਬਜ਼ੀਆਂ ਜਿਵੇਂ ਕਿ ਖੀਰਾ, ਕਰੇਲਾ, ਕੱਦੂ ਅਤੇ ਤੋਰਈ ਦੀ ਖੇਤੀ ਵਿੱਚ ਸਭ ਤੋਂ ਵੱਡੀ ਚੁਣੌਤੀ ਨਰ ਫੁੱਲਾਂ ਦੀ ਤੁਲਨਾ ਵਿੱਚ ਮਾਦਾ ਫੁੱਲਾਂ ਦੀ ਘੱਟ ਗਿਣਤੀ ਹੋਣਾ ਹੈ, ਜੋ ਸਿੱਧੇ ਤੌਰ 'ਤੇ ਪੈਦਾਵਾਰ ਨੂੰ ਪ੍ਰਭਾਵਿਤ ਕਰਦੀ ਹੈ । ਤਕਨੀਕੀ ਪੱਖ ਤੋਂ, ਇਹ ਫ਼ਸਲਾਂ 'ਮੋਨੋਸ਼ੀਅਸ' ਸੁਭਾਅ ਦੀਆਂ ਹੁੰਦੀਆਂ ਹਨ, ਜਿੱਥੇ ਵਾਤਾਵਰਣ ਅਤੇ ਹਾਰਮੋਨਾਂ ਦਾ ਸੰਤੁਲਨ ਫੁੱਲਾਂ ਦੇ ਲਿੰਗ ਨਿਰਧਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ । ਫ਼ਸਲ ਦੇ ਝਾੜ ਨੂੰ ਸਿੱਧੇ ਤੌਰ 'ਤੇ ਵਧਾਉਣ ਲਈ ਮਾਦਾ ਫੁੱਲਾਂ ਦੀ ਗਿਣਤੀ ਵਿੱਚ ਵਾਧਾ ਕਰਨਾ ਅਤੇ ਫਲਾਂ ਨੂੰ ਝੜਨ ਤੋਂ ਰੋਕਣਾ ਜ਼ਰੂਰੀ ਹੈ, ਇਸ ਸਬੰਧੀ ਵਿਗਿਆਨਕ ਨੁਕਤੇ ਹੇਠ ਲਿਖੇ ਅਨੁਸਾਰ ਹਨ ।**

**ੳ) ਈਥਰਲ**

ਈਥਰਲ ਵੇਲਾਂ ਵਾਲੀਆਂ ਸਬਜ਼ੀਆਂ ਵਿੱਚ ਮਾਦਾ ਫੁੱਲਾਂ ਦੀ ਗਿਣਤੀ ਵਧਾਉਣ ਲਈ ਸਭ ਤੋਂ ਪ੍ਰਭਾਵਸ਼ਾਲੀ ਅਤੇ ਮਹੱਤਵਪੂਰਨ ਰਸਾਇਣ ਮੰਨਿਆ ਜਾਂਦਾ ਹੈ । ਇਸਦੀ ਵਰਤੋਂ ਲਈ 150-200 ppm ਦੀ ਮਾਤਰਾ ਉਚਿਤ ਹੁੰਦੀ ਹੈ, ਜਿਸ ਲਈ ਲਗਭਗ 1 ਮਿਲੀਲਿਟਰ ਈਥਰਲ ਨੂੰ 4-5 ਲੀਟਰ ਪਾਣੀ ਵਿੱਚ ਘੋਲ ਕੇ ਤਿਆਰ ਕੀਤਾ ਜਾਂਦਾ ਹੈ । ਇਸ ਦਾ ਛਿੜਕਾਅ ਉਸ ਸਮੇਂ ਕੀਤਾ ਜਾਣਾ ਚਾਹੀਦਾ ਹੈ ਜਦੋਂ ਵੇਲ 'ਤੇ 2 ਤੋਂ 4 ਪੱਤੇ ਨਿਕਲ ਆਉਣ, ਕਿਉਂਕਿ ਇਹ ਉਹ ਨਾਜ਼ੁਕ ਪੜਾਅ ਹੁੰਦਾ ਹੈ ਜਦੋਂ ਪੌਦਾ ਅੰਦਰੂਨੀ ਤੌਰ 'ਤੇ ਆਪਣੇ ਲਿੰਗ ਦਾ ਨਿਰਧਾਰਨ ਕਰ ਰਿਹਾ ਹੁੰਦਾ ਹੈ । ਈਥਰਲ ਦੇ ਪ੍ਰਭਾਵ ਨਾਲ ਵੇਲ 'ਤੇ ਮਾਦਾ ਫੁੱਲਾਂ ਦੀ ਗਿਣਤੀ ਵਧ ਜਾਂਦੀ ਹੈ ਅਤੇ ਨਰ ਫੁੱਲਾਂ (ਬਿਨਾਂ ਫਲ ਵਾਲੇ ਫੁੱਲ) ਦੀ ਗਿਣਤੀ ਵਿੱਚ ਕਮੀ ਆਉਂਦੀ ਹੈ, ਜਿਸ ਨਾਲ ਝਾੜ ਵਿੱਚ ਵਾਧਾ ਹੁੰਦਾ ਹੈ । ਜੇਕਰ ਲੋੜ ਮਹਿਸੂਸ ਹੋਵੇ, ਤਾਂ ਪਹਿਲੇ ਛਿੜਕਾਅ ਤੋਂ 7 ਦਿਨਾਂ ਬਾਅਦ ਇਸ ਦੀ ਦੂਜੀ ਡੋਜ਼ ਵੀ ਦਿੱਤੀ ਜਾ ਸਕਦੀ ਹੈ ।

**ਅ) ਐਨ.ਏ.ਏ.**

ਐਨ.ਏ.ਏ. ਜੋ ਕਿ ਬਾਜ਼ਾਰ ਵਿੱਚ ਆਮ ਤੌਰ 'ਤੇ 'ਪਲੈਨੋਫਿਕਸ' ਦੇ ਨਾਮ ਨਾਲ ਮਸ਼ਹੂਰ ਹੈ, ਵੇਲਾਂ ਵਾਲੀਆਂ ਫ਼ਸਲਾਂ ਲਈ ਇੱਕ ਬਹੁਤ ਹੀ ਲਾਭਕਾਰੀ ਰਸਾਇਣ ਹੈ । ਇਸ ਦੀ ਵਰਤੋਂ ਲਈ 20 ਤੋਂ 50 ppm ਦੀ ਮਾਤਰਾ ਉਚਿਤ ਰਹਿੰਦੀ ਹੈ, ਜਿਸ ਨੂੰ ਤਿਆਰ ਕਰਨ ਲਈ ਲਗਭਗ 1 ਮਿਲੀਲੀਟਰ ਦਵਾਈ ਨੂੰ 20-25 ਲੀਟਰ ਪਾਣੀ ਵਿੱਚ ਘੋਲਿਆ ਜਾਂਦਾ ਹੈ । ਇਸ ਦਾ ਛਿੜਕਾਅ ਵੇਲ ਦੇ ਵਾਧੇ ਦੇ ਸ਼ੁਰੂਆਤੀ ਪੜਾਅ 'ਤੇ ਕਰਨਾ ਸਭ ਤੋਂ ਵਧੀਆ ਰਹਿੰਦਾ ਹੈ । ਇਹ ਰਸਾਇਣ ਨਾ ਸਿਰਫ ਮਾਦਾ ਫੁੱਲਾਂ ਦੇ ਬਣਨ ਦੀ ਪ੍ਰਕਿਰਿਆ ਨੂੰ ਤੇਜ਼ ਕਰਦਾ ਹੈ, ਸਗੋਂ ਫਲਾਂ ਦੇ ਟਿਕਾਅ ਵਿੱਚ ਵੀ ਵਿਸ਼ੇਸ਼ ਸੁਧਾਰ ਲਿਆਉਂਦਾ ਹੈ, ਜਿਸ ਨਾਲ ਫੁੱਲ ਝੜਨ ਦੀ ਸਮੱਸਿਆ ਘਟਦੀ ਹੈ ਅਤੇ ਝਾੜ ਵਿੱਚ ਵਾਧਾ ਹੁੰਦਾ ਹੈ ।

**ਸਿਮਰਨਜੀਤ ਕੌਰ,**
**ਸਹਾਇਕ ਪ੍ਰੋਫੈਸਰ, ਖੇਤੀਬਾੜੀ ਵਿਭਾਗ,**
**ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ**

**ਛਿੜਕਾਅ ਕਰਨ ਦਾ ਸਹੀ ਤਰੀਕਾ** : ਵਧੀਆ ਨਤੀਜਿਆਂ ਲਈ ਹੇਠ ਲਿਖੀਆਂ ਗੱਲਾਂ ਦਾ ਖਾਸ ਧਿਆਨ ਰੱਖਣਾ ਜ਼ਰੂਰੀ ਹੈ :

**ੳ) ਪੱਤਿਆਂ 'ਤੇ ਬਰੀਕ ਫੁਹਾਰਾ ਛਿੜਕਾਅ** : ਛਿੜਕਾਅ ਲਈ ਹਮੇਸ਼ਾ ਅਜਿਹੀ ਨੋਜ਼ਲ ਦੀ ਚੋਣ ਕਰੋ ਜੋ ਦਵਾਈ ਨੂੰ ਬਰੀਕ ਧੁੰਦ ਵਾਂਗ ਫੈਲਾਵੇ । ਇਸ ਦਾ ਮੁੱਖ ਫਾਇਦਾ ਇਹ ਹੈ ਕਿ ਦਵਾਈ ਦੀਆਂ ਨਿੱਕੀਆਂ ਬੂੰਦਾਂ ਪੱਤਿਆਂ ਦੀ ਸਤ੍ਹਾ 'ਤੇ ਇਕਸਾਰ ਪਰਤ ਬਣਾਉਂਦੀਆਂ ਹਨ ਅਤੇ ਹੇਠਾਂ ਨਹੀਂ ਡਿੱਗਦੀਆਂ । ਪੱਤਿਆਂ ਦੇ ਹੇਠਲੇ ਪਾਸੇ ਛਿੜਕਾਅ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਪੌਦੇ ਦੇ ਰੋਮ ਉੱਥੇ ਜ਼ਿਆਦਾ ਹੁੰਦੇ ਹਨ, ਜੋ ਰਸਾਇਣ ਨੂੰ ਜਲਦੀ ਸੋਖ ਲੈਂਦੇ ਹਨ । ਪੂਰੀ ਵੇਲ 'ਤੇ ਪਾਣੀ ਦਾ ਛਿੜਕਾਅ ਯਕੀਨੀ ਬਣਾਓ ਤਾਂ ਜੋ ਹਰ ਟਾਹਣੀ 'ਤੇ ਦਵਾਈ ਦਾ ਅਸਰ ਹੋ ਸਕੇ ।

**ਅ) ਛਿੜਕਾਅ ਲਈ ਢੁਕਵਾਂ ਸਮਾਂ** : ਦਿਨ ਦਾ ਸਮਾਂ ਦਵਾਈ ਦੀ ਪ੍ਰਭਾਵਸ਼ੀਲਤਾ 'ਤੇ ਸਿੱਧਾ ਅਸਰ ਪਾਉਂਦਾ ਹੈ । ਸਵੇਰੇ ਜਲਦੀ (ਤ੍ਰੇਲ ਸੁੱਕਣ ਤੋਂ ਬਾਅਦ) ਜਾਂ ਸ਼ਾਮ ਦੇ ਵੇਲੇ ਤਾਪਮਾਨ ਘੱਟ ਹੁੰਦਾ ਹੈ ਅਤੇ ਹਵਾ ਵਿੱਚ ਨਮੀ ਹੁੰਦੀ ਹੈ, ਜੋ ਦਵਾਈ ਨੂੰ ਪੱਤਿਆਂ 'ਤੇ ਲੰਬੇ ਸਮੇਂ ਤੱਕ ਟਿਕੇ ਰਹਿਣ ਵਿੱਚ ਮਦਦ ਕਰਦੀ ਹੈ । ਇਸ ਤੋਂ ਇਲਾਵਾ, ਤੇਜ਼ ਧੁੱਪ ਵਿੱਚ ਰਸਾਇਣਕ ਪ੍ਰਤੀਕਿਰਿਆ ਕਾਰਨ ਪੱਤੇ ਸੜ ਸਕਦੇ ਹਨ, ਅਤੇ ਦਵਾਈ ਦਾ ਅਸਰ ਉੱਡ ਸਕਦਾ ਹੈ, ਜਿਸ ਨੂੰ 'ਫਾਈਟੋਟੌਕਸਿਟੀ' ਕਿਹਾ ਜਾਂਦਾ ਹੈ ।

**ੲ) ਘੋਲ ਤਿਆਰ ਕਰਨ ਦੀ ਸਹੀ ਪ੍ਰਕਿਰਿਆ** : ਸਭ ਤੋਂ ਪਹਿਲਾਂ, ਲੋੜੀਂਦੀ ਦਵਾਈ ਨੂੰ ਇੱਕ ਵੱਖਰੇ ਸਾਫ਼ ਬਰਤਨ ਵਿੱਚ ਥੋੜ੍ਹੇ ਜਿਹੇ ਪਾਣੀ ਨਾਲ ਮਿਲਾ ਕੇ ਘੋਲ ਤਿਆਰ ਕਰ ਲਓ । ਇਸ ਤੋਂ ਬਾਅਦ ਇਸ ਨੂੰ ਬਾਕੀ ਪਾਣੀ ਵਿੱਚ ਮਿਲਾਓ ਤਾਂ ਜੋ ਦਵਾਈ ਪੂਰੀ ਤਰ੍ਹਾਂ ਇਕਸਾਰ ਘੁਲ ਜਾਵੇ । ਹਮੇਸ਼ਾ ਤਾਜ਼ਾ ਘੋਲ ਹੀ ਵਰਤੋਂ ਕਿਉਂਕਿ ਰੱਖਿਆ ਹੋਇਆ ਘੋਲ ਆਪਣੀ ਰਸਾਇਣਕ ਤਾਕਤ ਗੁਆ ਦਿੰਦਾ ਹੈ ਅਤੇ ਲੋੜੀਂਦੇ ਨਤੀਜੇ ਨਹੀਂ ਦਿੰਦਾ ।

**ਸ) ਸੁਰੱਖਿਆ ਸਾਵਧਾਨੀਆਂ** : ਈਥਰਲ ਅਤੇ ਐਨ.ਏ.ਏ. ਵਰਗੇ ਪੌਦਾ ਵਾਧਾ ਨਿਯੰਤਰਕ (PGRs) ਮਨੁੱਖੀ ਚਮੜੀ ਅਤੇ ਸਾਹ ਪ੍ਰਣਾਲੀ ਲਈ ਸੰਵੇਦਨਸ਼ੀਲ ਹੋ ਸਕਦੇ ਹਨ । ਛਿੜਕਾਅ ਦੌਰਾਨ ਰਸਾਇਣਕ-ਰੋਧਕ ਦਸਤਾਨੇ, ਮਾਸਕ ਅਤੇ ਐਨਕਾਂ ਦੀ ਵਰਤੋਂ ਲਾਜ਼ਮੀ ਕਰੋ । ਹਮੇਸ਼ਾ ਹਵਾ ਦੇ ਰੁਖ ਦੇ ਅਨੁਸਾਰ ਛਿੜਕਾਅ ਕਰੋ ਤਾਂ ਜੋ ਦਵਾਈ ਦੀ ਫੁਹਾਰ ਤੁਹਾਡੇ ਵੱਲ ਨਾ ਆਵੇ । ਕੰਮ ਖ਼ਤਮ ਹੋਣ ਤੋਂ ਬਾਅਦ ਹੱਥਾਂ-ਪੈਰਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਸਾਫ਼ ਕਰੋ ਅਤੇ ਵਰਤੇ ਗਏ ਭਾਂਡਿਆਂ ਨੂੰ ਅਲੱਗ ਰੱਖੋ ।

# ਖੇਤੀ ਤੱਕ ਹੀ ਸੀਮਤ ਨਹੀਂ ਰਹੇਗਾ ਘੱਟ ਬਾਰਿਸ਼ ਦਾ ਪ੍ਰਭਾਵ, ਆਮ ਆਦਮੀ ਦੀ ਜੇਬ ਤੱਕ ਵੀ ਹੋਵੇਗਾ ਮਹਿਸੂਸ

## ਅਲ-ਨੀਨੋ ਦੀ ਦਸਤਕ ਨਾਲ ਵਧੀ ਦੇਸ਼ ਦੀ ਚਿੰਤਾ, ਕਮਜ਼ੋਰ ਮਾਨਸੂਨ ਮਹਿੰਗਾਈ ਅਤੇ ਅਰਥਵਿਵਸਥਾ 'ਤੇ ਪੈ ਸਕਦੀ ਹੈ ਭਾਰੀ

ਭਿਆਨਕ ਗਰਮੀ ਨਾਲ ਝੁਲਸ ਰਹੇ ਦੇਸ਼ ਦੇ ਸਾਹਮਣੇ ਹੁਣ ਇਕ ਹੋਰ ਵੱਡੀ ਚੁਣੌਤੀ ਖੜ੍ਹੀ ਦਿਖਾਈ ਦੇ ਰਹੀ ਹੈ।

ਮੌਸਮ ਏਜੰਸੀਆਂ ਵੱਲੋਂ ਅਲ-ਨੀਨੋ ਦੀ ਵਾਪਸੀ ਅਤੇ ਕਮਜ਼ੋਰ ਮਾਨਸੂਨ ਦੇ ਖਦਸ਼ੇ ਨੇ ਸਰਕਾਰ, ਕਿਸਾਨਾਂ ਅਤੇ ਬਾਜ਼ਾਰਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇਸ ਸਾਲ ਬਾਰਿਸ਼ ਆਮ ਨਾਲੋਂ ਘੱਟ ਰਹਿੰਦੀ ਹੈ ਤਾਂ ਇਸ ਦਾ ਅਸਰ ਸਿਰਫ਼ ਖੇਤੀ ਤੱਕ ਸੀਮਤ ਨਹੀਂ ਰਹੇਗਾ, ਸਗੋਂ ਮਹਿੰਗਾਈ, ਵਿਆਜ ਦਰਾਂ, ਪੇਂਡੂ ਅਰਥਵਿਵਸਥਾ, ਕੁਲ ਘਰੇਲੂ ਉਤਪਾਦ (ਜੀ. ਡੀ. ਪੀ.) ਅਤੇ ਆਮ ਆਦਮੀ ਦੀ ਜੇਬ ਤੱਕ ਮਹਿਸੂਸ ਕੀਤਾ ਜਾਵੇਗਾ।

### ਅਲ-ਨੀਨੋ ਦੀ ਵਾਪਸੀ ਦੇ ਸੰਕੇਤ

ਭਾਰਤ ਮੌਸਮ ਵਿਗਿਆਨ ਵਿਭਾਗ (ਆਈ. ਐਮ. ਡੀ.) ਨੇ ਵਿੱਤੀ ਸਾਲ 2026-27 ਲਈ ਮਾਨਸੂਨ ਦੀ ਬਾਰਿਸ਼ ਦਾ ਅੰਦਾਜ਼ਾ ਲਾਂਗ ਪੀਰੀਅਡ ਐਵਰੇਜ (ਐੱਲ. ਪੀ. ਏ.) ਦੇ 92 ਫ਼ੀਸਦੀ 'ਤੇ ਲਾਇਆ ਹੈ, ਜਿਸ ਨੂੰ 'ਆਮ ਨਾਲੋਂ ਘੱਟ' ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਉੱਥੇ ਹੀ ਵਿਸ਼ਵ ਮੌਸਮ ਵਿਗਿਆਨ ਸੰਗਠਨ (ਡਬਲਯੂ. ਐਮ. ਓ.) ਅਤੇ ਅਮਰੀਕੀ ਏਜੰਸੀ ਐਨ. ਓ. ਏ. ਏ. ਨੇ ਵੀ ਅਲ-ਨੀਨੋ ਦੀ ਵਾਪਸੀ ਦੇ ਸੰਕੇਤ ਦਿੱਤੇ ਹਨ।

ਮੌਸਮ ਵਿਗਿਆਨੀਆਂ ਮੁਤਾਬਕ ਅਲ-ਨੀਨੋ ਦੀ ਸਥਿਤੀ ਬਣਨ 'ਤੇ ਭਾਰਤ ਵਿੱਚ ਗਰਮ ਅਤੇ ਖੁਸ਼ਕ ਮੌਸਮ ਦਾ ਪ੍ਰਭਾਵ ਵਧ ਜਾਂਦਾ ਹੈ, ਜਿਸ ਨਾਲ ਮਾਨਸੂਨ ਕਮਜ਼ੋਰ ਪੈ ਸਕਦਾ ਹੈ।

### ਮਾਨਸੂਨ 'ਤੇ ਟਿਕੀ ਹੈ ਦੇਸ਼ ਦੀ ਆਰਥਿਕ ਸਿਹਤ

- ★ ਦੇਸ਼ ਦੀ ਕਰੀਬ 55 ਫ਼ੀਸਦੀ ਖੇਤੀਬਾੜੀ ਯੋਗ ਜ਼ਮੀਨ ਹਾਲੇ ਵੀ ਬਾਰਿਸ਼ 'ਤੇ ਨਿਰਭਰ
- ★ ਖੇਤੀਬਾੜੀ ਖੇਤਰ ਲੱਗਭਗ 45 ਫ਼ੀਸਦੀ ਆਬਾਦੀ ਦੀ ਰੋਜ਼ੀ-ਰੋਟੀ ਦਾ ਮੁੱਖ ਆਧਾਰ



- ★ ਬਾਰਿਸ਼ ਵਿੱਚ ਕਮੀ ਆਉਣ 'ਤੇ ਫ਼ਸਲ ਉਤਪਾਦਨ ਪ੍ਰਭਾਵਿਤ ਹੋਣ ਦਾ ਖਤਰਾ
- ★ ਬਾਜ਼ਾਰ ਦੀ ਮੰਗ ਅਤੇ ਖਪਤਕਾਰ ਖਰਚ ਵੀ ਬਾਰਿਸ਼ ਦੀ ਸਥਿਤੀ 'ਤੇ ਕਰਦਾ ਨਿਰਭਰ
- ★ ਆਰ. ਬੀ. ਆਈ. ਦੀ ਕਰੰਸੀ ਨੀਤੀ ਅਤੇ ਵਿਆਜ ਦਰਾਂ 'ਤੇ ਵੀ ਮਾਨਸੂਨ ਦਾ ਅਸਰ ਪੈ ਸਕਦਾ ਹੈ
- ★ ਵਿੱਤੀ ਬਾਜ਼ਾਰ ਅਤੇ ਨਿਵੇਸ਼ਕਾਂ ਦੀ ਨਜ਼ਰ ਮਾਨਸੂਨ ਦੀ ਪ੍ਰਗਤੀ 'ਤੇ ਟਿਕੀ ਰਹੇਗੀ
- ★ ਮਹਿੰਗਾਈ ਵਧਣ ਦੀ ਸਥਿਤੀ ਵਿੱਚ ਆਰ. ਬੀ. ਆਈ. ਨੂੰ ਅਪਣਾਉਣਾ ਪੈ ਸਕਦਾ ਸਖਤ ਰੁਖ
- ★ ਰੈਪੋ ਰੇਟ ਲੰਮੇ ਸਮੇਂ ਤੱਕ ਬਣੀ ਰਹਿ ਸਕਦੀ ਹੈ ਉੱਚੇ ਪੱਧਰ 'ਤੇ
- ★ ਹੋਮ ਲੋਨ, ਆਟੋ ਲੋਨ ਅਤੇ ਹੋਰ ਕਰਜ਼ੇ ਮਹਿੰਗੇ ਹੋਣ ਦਾ ਖਦਸ਼ਾ
- ★ ਈ. ਐਮ. ਆਈ. ਵਧਣ ਨਾਲ ਆਮ ਲੋਕਾਂ ਦੀ ਜੇਬ 'ਤੇ ਪੈ ਸਕਦਾ ਹੈ ਵਾਧੂ ਬੋਝ
- ★ ਵਧਦੀਆਂ ਵਿਆਜ ਦਰਾਂ ਦਾ ਰੀਅਲ ਅਸਟੇਟ ਅਤੇ ਆਟੋ ਸੈਕਟਰ 'ਤੇ ਵੀ ਪੈ ਸਕਦਾ ਹੈ ਅਸਰ

### ਸਰਕਾਰ ਅਲ-ਨੀਨੋ ਸੰਕਟ ਨਾਲ ਨਜਿੱਠਣ ਲਈ ਤਿਆਰ

ਕਮਜ਼ੋਰ ਮਾਨਸੂਨ ਦੇ ਖ਼ਦਸ਼ੇ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ ਵੀ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਖੇਤੀਬਾੜੀ ਮੰਤਰਾਲਾ ਉਨ੍ਹਾਂ ਜ਼ਿਲ੍ਹਿਆਂ ਦੀ ਪਛਾਣ ਕਰ ਰਿਹਾ ਹੈ, ਜਿੱਥੇ ਅਲ-ਨੀਨੋ ਦਾ ਅਸਰ ਜ਼ਿਆਦਾ ਪੈ ਸਕਦਾ ਹੈ। ਅਜਿਹੇ ਇਲਾਕਿਆਂ ਲਈ ਵਿਸ਼ੇਸ਼ ਕੰਟੀਜੈਂਸੀ ਪਲਾਨ ਤਿਆਰ ਕੀਤੇ ਜਾ ਰਹੇ ਹਨ। ਕਿਸਾਨਾਂ ਨੂੰ ਬਦਲਵੀਆਂ ਫ਼ਸਲਾਂ ਦੀ ਸਲਾਹ ਦੇਣ ਅਤੇ ਲੋੜੀਂਦੇ ਬੀਜ ਉਪਲਬੱਧ ਕਰਵਾਉਣ ਦੀ ਰਣਨੀਤੀ 'ਤੇ ਕੰਮ ਹੋ ਰਿਹਾ ਹੈ। ਰਾਸ਼ਟਰੀ ਖਰੀਫ ਸੰਮੇਲਨ ਦੌਰਾਨ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਸਰਕਾਰ ਹਰ ਹਾਲਾਤ ਨਾਲ ਨਜਿੱਠਣ ਲਈ ਤਿਆਰ ਹੈ। ਲੋੜ ਪੈਣ 'ਤੇ ਪ੍ਰਭਾਵਿਤ ਖੇਤਰਾਂ ਵਿੱਚ ਫ਼ਸਲਾਂ ਦਾ ਪੈਟਰਨ ਬਦਲਿਆ ਜਾਵੇਗਾ ਅਤੇ ਕਿਸਾਨਾਂ ਨੂੰ ਹਰ ਸੰਭਵ ਸਹਾਇਤਾ ਉਪਲੱਬਧ ਕਰਵਾਈ ਜਾਵੇਗੀ।

### ਵਧਦੀ ਗਰਮੀ ਨੇ ਹੋਰ ਵਧਾਈਆਂ ਮੁਸ਼ਕਲਾਂ

ਦੇਸ਼ ਵਿੱਚ ਇਸ ਸਾਲ ਰਿਕਾਰਡ ਪੱਧਰ ਦੀ ਗਰਮੀ ਨੇ ਹਾਲਾਤ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਗਲੋਬਲ ਏਅਰ ਕੁਆਲਿਟੀ ਪਲੇਟਫਾਰਮ ਆਈ. ਕਿਉ. ਏਅਰ ਅਨੁਸਾਰ ਅਪ੍ਰੈਲ 2026 ਵਿੱਚ ਦੁਨੀਆ ਦੇ 50 ਸਭ ਤੋਂ ਗਰਮ ਸ਼ਹਿਰਾਂ ਵਿੱਚੋਂ ਸਾਡੇ ਭਾਰਤ ਦੇ ਸਨ। ਮਾਹਿਰਾਂ ਦਾ ਕਹਿਣਾ ਹੈ ਕਿ ਬਹੁਤ ਜ਼ਿਆਦਾ ਗਰਮੀ ਅਤੇ ਕਮਜ਼ੋਰ ਬਾਰਿਸ਼ ਦਾ ਸਾਂਝਾ ਅਸਰ ਖੇਤੀਬਾੜੀ ਉਤਪਾਦਨ, ਪਾਣੀ ਦੇ ਸੰਕਟ ਅਤੇ ਬਿਜਲੀ ਦੀ ਮੰਗ 'ਤੇ ਭਾਰੀ ਦਬਾਅ ਪਾ ਸਕਦਾ ਹੈ।


**ਮਾਨਸੂਨ 'ਤੇ ਟਿਕੀ ਹੈ ਦੇਸ਼ ਦੀ ਆਰਥਿਕ ਸਿਹਤ**

★ ਦੇਸ਼ ਦੀ ਕਰੀਬ 55 ਫ਼ੀਸਦੀ ਖੇਤੀਬਾੜੀ ਯੋਗ ਜ਼ਮੀਨ ਹਾਲੇ ਵੀ ਬਾਰਿਸ਼ 'ਤੇ ਨਿਰਭਰ

★ ਖੇਤੀਬਾੜੀ ਖੇਤਰ ਲੱਗਭਗ 45 ਫ਼ੀਸਦੀ ਆਬਾਦੀ ਦੀ ਰੋਜ਼ੀ-ਰੋਟੀ ਦਾ ਮੁੱਖ ਆਧਾਰ

★ ਬਾਰਿਸ਼ ਵਿੱਚ ਕਮੀ ਆਉਣ 'ਤੇ ਫ਼ਸਲ ਉਤਪਾਦਨ ਪ੍ਰਭਾਵਿਤ ਹੋਣ ਦਾ ਖਤਰਾ

★ ਬਾਜ਼ਾਰ ਦੀ ਮੰਗ ਅਤੇ ਖਪਤਕਾਰ ਖਰਚ ਵੀ ਬਾਰਿਸ਼ ਦੀ ਸਥਿਤੀ 'ਤੇ ਕਰਦਾ ਨਿਰਭਰ

★ ਆਰ. ਬੀ. ਆਈ. ਦੀ ਕਰੰਸੀ ਨੀਤੀ ਅਤੇ ਵਿਆਜ ਦਰਾਂ 'ਤੇ ਵੀ ਮਾਨਸੂਨ ਦਾ ਅਸਰ ਪੈ ਸਕਦਾ ਹੈ

★ ਵਿੱਤੀ ਬਾਜ਼ਾਰ ਅਤੇ ਨਿਵੇਸ਼ਕਾਂ ਦੀ ਨਜ਼ਰ ਮਾਨਸੂਨ ਦੀ ਪ੍ਰਗਤੀ 'ਤੇ ਟਿਕੀ ਰਹੇਗੀ

★ ਮਹਿੰਗਾਈ ਵਧਣ ਦੀ ਸਥਿਤੀ ਵਿੱਚ ਆਰ. ਬੀ. ਆਈ. ਨੂੰ ਅਪਣਾਉਣਾ ਪੈ ਸਕਦਾ ਸਖਤ ਰੁਖ

★ ਰੈਪੋ ਰੇਟ ਲੰਮੇ ਸਮੇਂ ਤੱਕ ਬਣੀ ਰਹਿ ਸਕਦੀ ਹੈ ਉੱਚੇ ਪੱਧਰ 'ਤੇ

★ ਹੋਮ ਲੋਨ, ਆਟੋ ਲੋਨ ਅਤੇ ਹੋਰ ਕਰਜ਼ੇ ਮਹਿੰਗੇ ਹੋਣ ਦਾ ਖਦਸ਼ਾ

★ ਈ. ਐਮ. ਆਈ. ਵਧਣ ਨਾਲ ਆਮ ਲੋਕਾਂ ਦੀ ਜੇਬ 'ਤੇ ਪੈ ਸਕਦਾ ਹੈ ਵਾਧੂ ਬੋਝ

★ ਵਧਦੀਆਂ ਵਿਆਜ ਦਰਾਂ ਦਾ ਰੀਅਲ ਅਸਟੇਟ ਅਤੇ ਆਟੋ ਸੈਕਟਰ 'ਤੇ ਵੀ ਪੈ ਸਕਦਾ ਹੈ ਅਸਰ


---

## ਯੂਰਪੀ ਸੰਘ ਨੇ ਕਿਸਾਨਾਂ ਨੂੰ ਰਾਹਤ ਦੇਣ ਲਈ ਤਿਆਰ ਕੀਤਾ ਨਵਾਂ ਐਕਸ਼ਨ ਪਲਾਨ

# ਈਰਾਨ ਸੰਕਟ ਨਾਲ ਹਿੱਲੀ ਯੂਰਪੀ ਖੇਤੀ, ਖਾਦ ਦੀ ਸਪਲਾਈ 'ਤੇ ਖਤਰਾ, ਖਾਦ ਦੀਆਂ ਕੀਮਤਾਂ ਵਿੱਚ 70 ਫ਼ੀਸਦੀ ਤੱਕ ਉਛਾਲ

ਈਰਾਨ ਨੂੰ ਲੈ ਕੇ ਪੱਛਮੀ ਏਸ਼ੀਆ ਵਿੱਚ ਵਧਦੇ ਤਣਾਅ ਦਾ ਅਸਰ ਹੁਣ ਯੂਰਪ ਦੀ ਖੇਤੀ ਅਤੇ ਖੁਰਾਕ ਸੁਰੱਖਿਆ 'ਤੇ ਵੀ ਦਿਖਾਈ ਦੇਣ ਲੱਗਾ ਹੈ। ਯੂਰਪੀ ਸੰਘ (ਈ. ਯੂ.) ਦੇ ਖੇਤੀਬਾੜੀ ਮੰਤਰੀਆਂ ਨੇ ਬ੍ਰਸੇਲਜ਼ ਵਿੱਚ ਬੈਠਕ ਕਰ ਕੇ ਖਾਦਾਂ ਦੀ ਉਪਲਬਧਤਾ ਅਤੇ ਵਧਦੀਆਂ ਕੀਮਤਾਂ 'ਤੇ ਚਰਚਾ ਕੀਤੀ ਹੈ।

ਰਿਪੋਰਟਾਂ ਮੁਤਾਬਕ ਯੂਰਪ ਵਿੱਚ ਨਾਈਟ੍ਰੋਜਨ ਖਾਦਾਂ ਦੀਆਂ ਕੀਮਤਾਂ ਹੁਣ 2024 ਤੇ ਔਸਤ ਪੱਧਰ ਤੋਂ ਕਰੀਬ 70 ਫ਼ੀਸਦੀ ਉੱਪਰ ਪਹੁੰਚ ਚੁੱਕੀਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਰੂਸ-ਯੂਕ੍ਰੇਨ ਯੁੱਧ ਤੋਂ ਬਾਅਦ ਪਹਿਲਾਂ ਹੀ ਕਈ ਯੂਰਪੀ ਖਾਦ ਪਲਾਂਟ ਗੈਸ ਦੀਆਂ ਉੱਚੀਆਂ ਕੀਮਤਾਂ ਕਾਰਨ ਬੰਦ ਜਾਂ ਸੀਮਿਤ ਉਤਪਾਦਨ 'ਤੇ ਚਲੇ ਗਏ ਸਨ। ਹੁਣ ਈਰਾਨ ਸੰਕਟ ਨੇ ਸਥਿਤੀ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਅਜਿਹੇ ਵਿੱਚ ਯੂਰਪੀ ਕਮਿਸ਼ਨ ਨੇ ਕਿਸਾਨਾਂ ਨੂੰ ਰਾਹਤ ਦੇਣ ਅਤੇ ਖੁਰਾਕ ਸੁਰੱਖਿਆ ਮਜ਼ਬੂਤ ਕਰਨ ਲਈ ਨਵਾਂ 'ਫਰਟੀਲਾਈਜ਼ਰ ਐਕਸ਼ਨ ਪਲਾਨ' ਤਿਆਰ ਕੀਤਾ ਹੈ।

### ਕਿਸਾਨਾਂ ਨੂੰ ਰਾਹਤ ਦੇਣ ਦੀ ਤਿਆਰੀ

ਯੂਰਪੀ ਕਮਿਸ਼ਨ ਦੇ ਨਵੇਂ ਐਕਸ਼ਨ ਪਲਾਨ ਵਿੱਚ ਕਿਸਾਨਾਂ ਨੂੰ ਐਮਰਜੈਂਸੀ ਵਿੱਤੀ ਸਹਾਇਤਾ ਦੇਣ ਦਾ ਪ੍ਰਸਤਾਵ ਰੱਖਿਆ ਗਿਆ ਹੈ। ਇਸ ਦੇ ਤਹਿਤ ਖੇਤੀਬਾੜੀ ਬਜਟ ਵਿੱਚੋਂ ਮਦਦ, ਆਸਾਨ ਕਰਜ਼ਾ ਯੋਜਨਾਵਾਂ ਅਤੇ 'ਕਾਮਨ ਐਗਰੀਕਲਚਰ ਪਾਲਿਸੀ' ਤਹਿਤ ਐਡਵਾਂਸ ਪੇਮੈਂਟ ਵਿੱਚ ਰਾਹਤ ਵਰਗੇ ਕਦਮ ਸ਼ਾਮਲ ਹਨ। ਨਾਲ ਹੀ ਜੈਵਿਕ ਅਤੇ ਬਦਲਵੀਆਂ ਖਾਦਾਂ ਨੂੰ ਉਤਸ਼ਾਹਿਤ ਕਰਨ ਲਈ ਯੋਜਨਾ ਵੀ ਬਣਾਈ ਜਾ ਰਹੀ ਹੈ। ਯੂਰਪੀ ਸੰਘ ਰੂਸ ਅਤੇ ਬੇਲਾਰੂਸ 'ਤੇ ਆਪਣੀ ਨਿਰਭਰਤਾ ਘੱਟ ਕਰਨ ਲਈ ਦੂਜੇ ਦੇਸ਼ਾਂ ਤੋਂ ਖਾਦ ਦੀ ਦਰਾਮਦ ਵਧਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ। ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਯੇਨ ਨੇ ਕਿਹਾ ਕਿ ਇਹ ਯੋਜਨਾ ਯੂਰਪ ਵਿੱਚ ਮਜ਼ਬੂਤ ਖਾਦ ਉਦਯੋਗ ਖੜ੍ਹਾ ਕਰਨ, ਕਿਸਾਨਾਂ ਨੂੰ ਰਾਹਤ ਦੇਣ ਅਤੇ ਘਰੇਲੂ ਪੱਧਰ 'ਤੇ ਟਿਕਾਊ ਹੱਲ ਵਿਕਸਿਤ ਕਰਨ ਦੀ ਦਿਸ਼ਾ ਵਿੱਚ ਇਕ ਅਹਿਮ ਕਦਮ ਹੈ।

### ਯੂਰਪ ਵਿੱਚ ਵਧਿਆ ਸਿਆਸੀ ਮਤਭੇਦ

ਖਾਦ ਸੰਕਟ ਨੂੰ ਲੈ ਕੇ ਯੂਰਪੀ ਦੇਸ਼ਾਂ ਵਿਚਕਾਰ ਮਤਭੇਦ ਵੀ ਉੱਭਰਨ ਲੱਗੇ ਹਨ। ਫਰਾਂਸ ਅਤੇ ਇਟਲੀ ਨੇ 'ਕਾਰਬਨ ਬਾਰਡਰ ਟੈਕਸ' ਵਿੱਚ ਰਾਹਤ ਦੀ ਮੰਗ ਕੀਤੀ ਹੈ, ਜਦਕਿ ਪੋਲੈਂਡ ਅਤੇ ਜਰਮਨੀ ਵਰਗੇ ਦੇਸ਼ ਘਰੇਲੂ ਖਾਦ ਉਦਯੋਗ ਦੀ ਸੁਰੱਖਿਆ ਨੂੰ ਪਹਿਲ ਦੇ ਰਹੇ ਹਨ। ਦੂਜੇ ਪਾਸੇ ਵਾਤਾਵਰਣ ਸੰਗਠਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਨਿਯਮਾਂ ਵਿੱਚ ਢਿੱਲ ਦੇਣ ਨਾਲ ਪ੍ਰਦੂਸ਼ਣ ਅਤੇ ਜਲ ਖੇਤਰਾਂ ਵਿੱਚ ਨਾਈਟ੍ਰੇਟ ਦਾ ਖਤਰਾ ਵਧ ਸਕਦਾ ਹੈ।

### ਦੱਖਣ ਏਸ਼ੀਆ ਅਤੇ ਅਫ਼ਰੀਕਾ 'ਤੇ ਜ਼ਿਆਦਾ ਖਤਰਾ

ਮਾਹਿਰਾਂ ਦਾ ਕਹਿਣਾ ਹੈ ਕਿ ਯੂਰਪ ਦੀ ਤੁਲਨਾ ਵਿੱਚ ਦੱਖਣ ਏਸ਼ੀਆ ਅਤੇ ਅਫ਼ਰੀਕੀ ਦੇਸ਼ਾਂ 'ਤੇ ਇਸ ਸੰਕਟ ਦਾ ਅਸਰ ਜ਼ਿਆਦਾ ਗੰਭੀਰ ਹੋ ਸਕਦਾ ਹੈ, ਕਿਉਂਕਿ ਇਹ ਖੇਤਰ ਖਾੜੀ ਦੇਸ਼ਾਂ ਤੋਂ ਆਉਣ ਵਾਲੀ ਖਾਦ ਅਤੇ ਊਰਜਾ ਸਪਲਾਈ 'ਤੇ ਵਧੇਰੇ ਨਿਰਭਰ ਹਨ। ਅਜਿਹੇ ਵਿੱਚ ਗਲੋਬਲ ਖੁਰਾਕ ਸੁਰੱਖਿਆ ਨੂੰ ਲੈ ਕੇ ਚਿੰਤਾ ਲਗਾਤਾਰ ਵਧ ਰਹੀ ਹੈ।

# ਪੰਜ ਸਾਲਾਂ ਵਿੱਚ ਰਿਕਾਰਡ ਤੋੜੇਗੀ ਗਰਮੀ : ਯੂ.ਐਨ.

ਸੰਯੁਕਤ ਰਾਸ਼ਟਰ ਦੇ ਨਵੇਂ ਜਲਵਾਯੂ ਅਨੁਮਾਨਾਂ ਮੁਤਾਬਕ ਗਰਮੀ ਅਗਲੇ ਪੰਜ ਸਾਲਾਂ ਵਿੱਚ ਪਿਛਲੇ ਸਾਰੇ ਰਿਕਾਰਡ ਤੋੜ ਦੇਵੇਗੀ। ਇਸ ਗੱਲ ਦੀ ਬਹੁਤ ਜ਼ਿਆਦਾ ਸੰਭਾਵਨਾ ਹੈ ਕਿ ਇਸ ਅਰਸੇ ਦੌਰਾਨ ਧਰਤੀ ਸੁਰੱਖਿਅਤ ਮੰਨੀ ਜਾਂਦੀ ਕੌਮਾਂਤਰੀ ਜਲਵਾਯੂ ਸੀਮਾ ਨੂੰ ਵਾਰ-ਵਾਰ ਉਲੰਘੇ ਅਤੇ ਇਸ ਅਮਲ ਦੌਰਾਨ ਉਹ ਆਪਣੇ ਸਭ ਤੋਂ ਗਰਮ ਸਾਲ ਦੇ ਰਿਕਾਰਡ ਨੂੰ ਵੀ ਤੋੜ ਦੇਵੇ।

ਆਲਮੀ ਮੌਸਮ ਵਿਗਿਆਨ ਸੰਗਠਨ ਨੇ ਇਹ ਪੇਸ਼ੀਨਗੋਈ ਵੀ ਕੀਤੀ ਹੈ ਕਿ ਆਰਕਟਿਕ ਖੇਤਰ ਵਿੱਚ ਤਾਪਮਾਨ ਵਧੇਗਾ, ਜੋ ਹੁਣ ਤੋਂ ਲੈ ਕੇ 2030 ਦਰਮਿਆਨ ਲਗਪਗ ਤਿੰਨ ਡਿਗਰੀ ਫਾਰਨਹੀਟ (1.66 ਡਿਗਰੀ ਸੈਲਸੀਅਸ) ਤੱਕ ਗਰਮ ਹੋ ਜਾਵੇਗਾ। ਇਸ ਨਾਲ ਐਮੇਜ਼ਨ ਵਿੱਚ ਖ਼ਤਰਨਾਕ ਸੋਕਾ ਪੈ ਸਕਦਾ ਹੈ, ਜਿਸ ਕਰ ਕੇ ਜੰਗਲ ਵਿੱਚ ਅੱਗ ਲੱਗਣ ਦਾ ਖ਼ਦਸ਼ਾ ਹੈ। ਐਮੇਜ਼ਨ, ਧਰਤੀ ਦੀ ਉਨ੍ਹਾਂ ਕੁਦਰਤੀ ਸੁਰੱਖਿਆ ਪ੍ਰਣਾਲੀਆਂ ਦਾ ਅਹਿਮ ਹਿੱਸਾ ਹੈ, ਜੋ ਮਨੁੱਖਾਂ ਵੱਲੋਂ ਕੀਤੀ ਗਈ ਵਾਤਾਵਰਨ ਤਬਦੀਲੀ ਦੇ ਅਸਰ ਨੂੰ ਘਟਾਉਣ ਵਿੱਚ ਮਦਦਗਾਰ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਕੋਲਾ, ਤੇਲ ਤੇ ਗੈਸ ਦੇ ਜਲਣ ਨਾਲ ਦੁਨੀਆ ਦਾ ਤਾਪਮਾਨ ਵਧ ਰਿਹਾ ਹੈ, ਜਿਸ ਦਾ ਮਤਲਬ ਹੈ ਕਿ ਹੁਣ ਮੌਸਮ ਹੋਰ ਵੀ ਗੰਭੀਰ ਰੂਪ ਧਾਰੇਗਾ ਜਿਸ ਵਿੱਚ ਹੜ੍ਹ, ਸੋਕਾ ਅਤੇ ਲੂ ਵਰਗੇ ਹਾਲਾਤ ਸ਼ਾਮਲ ਹਨ।

ਸੰਯੁਕਤ ਰਾਸ਼ਟਰ ਦੀ ਵਾਤਾਵਰਨ ਏਜੰਸੀ ਤੇ ਯੂ ਕੇ ਦੇ ਮੌਸਮ ਵਿਭਾਗ ਦੇ ਅਨੁਮਾਨਾਂ ਮੁਤਾਬਕ ਇਸ ਗੱਲ ਦੀ 75 ਫ਼ੀਸਦ ਸੰਭਾਵਨਾ ਹੈ ਕਿ 2026 ਤੋਂ 2030 ਦਰਮਿਆਨ ਔਸਤ ਆਲਮੀ ਤਾਪਮਾਨ, ਸਨਅਤੀ ਕਾਲ ਤੋਂ ਪਹਿਲਾਂ ਦੇ ਸਮੇਂ ਦੇ ਮੁਕਾਬਲੇ 1.5 ਡਿਗਰੀ ਸੈਲਸੀਅਸ (27 ਡਿਗਰੀ ਫਾਰਨਹੀਟ) ਤੱਕ ਵੱਧ ਹੋ ਜਾਵੇ। ਇਹ ਹੱਦ, ਭਾਵ ਆਲਮੀ ਤਪਸ ਦੀ ਇਹ ਤੈਅ ਸੀਮਾ, ਜਿਸ ਦੀ ਔਸਤ 20 ਸਾਲਾਂ ਦੇ ਅਧਾਰ ਉੱਤੇ ਕੱਢੀ ਜਾਂਦੀ ਹੈ, 2015 ਦੇ ਪੈਰਿਸ ਜਲਵਾਯੂ ਸਮਝੌਤੇ ਤਹਿਤ ਤੈਅ ਕੀਤੀ ਗਈ ਸੀ। ਸੰਯੁਕਤ ਰਾਸ਼ਟਰ ਮੁਤਾਬਕ ਇਸ ਨਾਲ ਮੌਤ ਅਤੇ ਪ੍ਰਜਾਤੀਆਂ ਦੇ ਖ਼ਾਤਮੇ ਦਾ ਖ਼ਤਰਾ ਹੈ। ਭਾਵ ਤਾਪਮਾਨ ਵਿੱਚ ਤਬਦੀਲੀ ਕੁਝ ਡਿਗਰੀ ਤੱਕ ਹੀ ਹੋਵੇ, ਗ੍ਰਹਿ 'ਤੇ ਮੌਜੂਦ ਕੁਝ ਵਾਤਾਵਰਨ ਪ੍ਰਣਾਲੀਆਂ ਜਿਵੇਂ ਕੋਰਲ ਅਤੇ ਗਲੇਸ਼ੀਅਰ ਇਸ ਦਬਾਅ ਦਾ ਸਾਹਮਣਾ ਕਰਨ ਦੇ ਅਸਮਰੱਥ ਹਨ।

RNI/42269/83 (PUNPUN00806) Postage Registered No. PB/PTA/0338/2025-2027

## ਝੋਨੇ ਦੀ ਲੁਆਈ



ਅੰਮ੍ਰਿਤਸਰ ਨੇੜਲੇ ਪਿੰਡ ਵਿੱਚ ਝੋਨਾ ਲਾਉਂਦੇ ਹੋਏ ਪਰਵਾਸੀ ਮਜ਼ਦੂਰ ।

# ਪਸ਼ੂਆਂ ਤੋਂ ਬਿਹਤਰ ਉਤਪਾਦਨ ਲੈਣ ਤੇ ਉਨ੍ਹਾਂ ਦੀ ਤੰਦਰੁਸਤੀ ਲਈ ਗਰਮੀ ਤੋਂ ਬਚਾਅ ਜ਼ਰੂਰੀ

ਗਰਮੀ ਦੇ ਵੱਧਣ ਨਾਲ ਪਸ਼ੂਆਂ ਉੱਪਰ ਮੌਸਮ ਦਾ ਬਹੁਤ ਦਬਾਅ ਪੈਣਾ ਸ਼ੁਰੂ ਹੋ ਜਾਂਦਾ ਹੈ । ਇਸ ਮੌਸਮ ਵਿੱਚ ਘੱਟ ਚਾਰਾ ਖਾਣ ਕਾਰਣ ਪਸ਼ੂਆਂ ਦਾ ਉਤਪਾਦਨ ਵੀ ਘੱਟ ਜਾਂਦਾ ਹੈ । ਇਹ ਜਾਣਕਾਰੀ ਡਾ. ਯਸ਼ਪਾਲ ਸਿੰਘ, ਮੁਖੀ, ਪਸ਼ੂਧਨ ਉਤਪਾਦਨ ਅਤੇ ਪ੍ਰਬੰਧ ਵਿਭਾਗ, ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਨੇ ਸਾਂਝੀ ਕੀਤੀ । ਉਨ੍ਹਾਂ ਕਿਹਾ ਕਿ ਤਿੱਖੀ ਗਰਮੀ ਵਿੱਚ ਹਵਾਦਾਰ ਸ਼ੈਡ, ਪਾਣੀ ਦਾ ਸੁਚੱਜਾ ਪ੍ਰਬੰਧ, ਸਹੀ ਤੇ ਸੰਤੁਲਿਤ ਚਾਰਾ ਅਤੇ ਸਹੀ ਸਿਹਤ ਪ੍ਰਬੰਧਨ ਪਸ਼ੂਆਂ ਤੋਂ ਗਰਮੀ ਦਾ ਦਬਾਅ ਘਟਾਉਂਦਾ ਹੈ । ਸ਼ੈਡ ਖੁੱਲ੍ਹੇ, ਉੱਚੇ ਤੇ ਹਵਾਦਾਰ ਹੋਣੇ ਚਾਹੀਦੇ ਹਨ ਜਿਨ੍ਹਾਂ ਦੇ ਦਰਵਾਜ਼ਿਆਂ 'ਤੇ ਜ਼ਿਆਦਾ ਗਰਮੀ ਹੋਣ ਦੀ ਸੂਰਤ ਵਿੱਚ ਬੋਰੀਆਂ ਜਾਂ ਟਾਟ ਦੇ ਪਰਦੇ ਲਗਾ ਦੇਣੇ ਚਾਹੀਦੇ ਹਨ । ਸ਼ੈਡਾਂ ਦੀਆਂ ਛੱਤਾਂ ਉੱਪਰ ਵੀ ਚਿੱਟਾ ਰੰਗ ਕਰ ਦੇਣਾ ਚਾਹੀਦਾ ਹੈ ਜਾਂ ਗਰਮੀ ਤੋਂ ਬਚਾਉਣ ਵਾਲੇ ਸਾਧਨ ਜਿਵੇਂ ਪਰਾਲੀ ਆਦਿ ਪਾ ਦੇਣੀ ਚਾਹੀਦੀ ਹੈ । ਸ਼ੈਡਾਂ ਦੀਆਂ ਛੱਤਾਂ ਦੀਆਂ ਸ਼ੀਟਾਂ ਦੇ ਅੰਦਰਲੇ ਪਾਸਿਉਂ ਗੂੜਾ ਰੰਗ ਕਰ ਦੇਣਾ ਚਾਹੀਦਾ ਹੈ । ਸ਼ੈਡ ਵਿੱਚ ਪੱਖੇ ਜਾਂ ਪਾਣੀ ਦੀ ਫੁਹਾਰ ਦੇਣ ਵਾਲੇ ਕੂਲਰ ਲਗਾਉਣੇ ਚਾਹੀਦੇ ਹਨ ਅਤੇ ਇਨ੍ਹਾਂ ਨੂੰ ਜ਼ਿਆਦਾ ਗਰਮੀ ਦੇ ਸਮੇਂ ਵਿੱਚ ਕੁਝ ਵਕਤ ਲਈ ਦਿਨ ਵਿੱਚ ਤਿੰਨ-ਚਾਰ ਵਾਰ ਚਲਾਉਣਾ ਚਾਹੀਦਾ ਹੈ । ਇਹ ਸਾਧਨ ਗਾਂਵਾਂ ਦੇ ਨਾਲੋਂ ਮੱਝਾਂ ਲਈ ਹੋਰ ਵਧੇਰੇ ਫਾਇਦੇਮੰਦ ਰਹਿੰਦਾ ਹੈ, ਕਿਉਂਕਿ ਮੱਝਾਂ ਦਾ ਰੰਗ ਕਾਲਾ ਹੋਣ ਕਾਰਣ ਉਨ੍ਹਾਂ 'ਤੇ ਗਰਮੀ ਦਾ ਅਸਰ ਜ਼ਿਆਦਾ ਹੁੰਦਾ ਹੈ । ਫਾਰਮ ਉਤੇ ਇਕ ਛੋਟਾ ਛੱਪੜ ਵੀ ਬਣਾ ਦੇਣਾ ਚਾਹੀਦਾ ਹੈ ਜਿੱਥੇ ਪਸ਼ੂ ਮਰਜ਼ੀ ਨਾਲ ਆ ਜਾ ਸਕੇ । ਅਜਿਹੇ ਮੌਸਮ ਵਿੱਚ ਰੁੱਖ ਬਹੁਤ ਕਾਰਗਰ ਸਾਬਿਤ ਹੁੰਦੇ ਹਨ । ਇਸ ਲਈ ਫਾਰਮ 'ਤੇ ਵਧੀਆ ਛਾਂ-ਦਾਰ ਰੁੱਖ ਲਾਉਣੇ ਬਹੁਤ ਜ਼ਰੂਰੀ ਹਨ । ਪਸ਼ੂ ਦੇ ਕੋਲ ਹਰ ਵੇਲੇ ਠੰਡਾ ਪੀਣ ਯੋਗ ਪਾਣੀ ਮੁਹੱਈਆ ਹੋਣਾ ਚਾਹੀਦਾ ਹੈ ।

ਡਾ. ਜਸਪਾਲ ਸਿੰਘ ਹੁੰਦਲ, ਮੁੱਖੀ, ਪਸ਼ੂ ਆਹਾਰ ਵਿਭਾਗ ਨੇ ਸਰਵੋਤਮ ਖੁਰਾਕ ਦੇ ਤਰੀਕਿਆਂ ਨੂੰ ਅਪਣਾਉਣ ਦੀ ਸਲਾਹ ਦਿੱਤੀ ਤਾਂ ਜੋ ਡੇਅਰੀ ਜਾਨਵਰਾਂ ਵਿੱਚ ਗਰਮੀ ਦੇ ਦਬਾਅ ਦੇ ਨੁਕਸਾਨ ਨੂੰ ਘੱਟ ਕੀਤਾ ਜਾ ਸਕੇ । ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਗਰਮੀਆਂ ਦੌਰਾਨ ਫੀਡ ਦੀ ਮਾਤਰਾ ਘਟਦੀ ਹੈ, ਬਾਈਪਾਸ/ਸੁਰੱਖਿਅਤ ਚਰਬੀ ਦੀ ਪੂਰਤੀ ਦੁਆਰਾ ਰਾਸ਼ਨ ਦੀ ਊਰਜਾ ਘਣਤਾ ਵਧਾਈ ਜਾਣੀ ਚਾਹੀਦੀ ਹੈ, ਜਦੋਂ ਕਿ ਮਿਹਦੇ ਵਿੱਚ ਗਰਮੀ ਨੂੰ ਘਟਾਉਣ ਲਈ ਪਚਣਯੋਗ ਅਤੇ ਅਪਚਣਯੋਗ, ਖੁਰਾਕ



ਦਾ ਸੰਤੁਲਨ ਰੱਖਣਾ ਬਹੁਤ ਜ਼ਰੂਰੀ ਹੈ । ਕਿਸਾਨਾਂ ਨੂੰ ਰਾਸ਼ਨ ਵਿੱਚ ਘਟੀਆ-ਗੁਣਵੱਤਾ ਵਾਲੀ ਤੂੜੀ ਨੂੰ ਸੀਮਤ ਕਰਦਾ ਹੋਏ, ਮੱਕੀ ਦੇ ਸਾਈਲੇਜ, ਬਰਸੀਮ ਦੇ ਘਾਹ ਅਤੇ ਤਾਜ਼ੇ ਹਰੇ ਚਾਰੇ ਵਰਗੇ ਬਹੁਤ ਜ਼ਿਆਦਾ ਪਚਣਯੋਗ ਗੁਣਵੱਤਾ ਵਾਲੇ ਚਾਰੇ ਦੀ ਵਰਤੋਂ ਕਰਨੀ ਚਾਹੀਦੀ ਹੈ । ਖਣਿਜ ਅਤੇ ਧਾਤਾਂ ਦੀ ਪੂਰਤੀ ਵੀ ਮਹੱਤਵਪੂਰਨ ਹੈ ।

ਡਾ. ਪਰਮਜੀਤ ਕੌਰ, ਮੁਖੀ, ਵੈਟਨਰੀ ਪਰਜੀਵੀ ਵਿਭਾਗ ਨੇ ਕਿਹਾ ਕਿ ਪਸ਼ੂ ਸਹੀ ਤਰੀਕੇ ਨਾਲ ਮਲੱਪ ਰਹਿਤ ਕਰਨਾ ਚਾਹੀਦਾ ਹੈ ਅਤੇ ਉਸਦਾ ਟੀਕਾਕਰਨ ਨਹੀਂ ਖੁੰਝਣਾ ਚਾਹੀਦਾ । ਗਰਮੀ ਦੇ ਮੌਸਮ ਵਿੱਚ ਚਿੱਚੜ ਅਤੇ ਮੱਖੀ-ਮੱਛਰ ਬਹੁਤ ਤੰਗ ਕਰਦੇ ਹਨ । ਇਨ੍ਹਾਂ ਤੋ ਬਚਾਅ ਵਾਸਤੇ ਚਿੱਚੜ ਮਾਰ ਦਵਾਈ ਪਸ਼ੂ ਨੂੰ ਲਗਾਉਣੀ ਚਾਹੀਦੀ ਹੈ । ਇਹ ਦਵਾਈ ਸ਼ੈਡਾਂ ਦੇ ਅੰਦਰ ਅਤੇ ਸ਼ੈਡਾਂ ਦੀਆਂ ਮੋਰੀਆਂ ਜਾਂ ਝੀਤਾਂ ਆਦਿ ਵਿੱਚ ਵੀ ਛਿੜਕਾਅ ਦੇਣੀ ਚਾਹੀਦੀ ਹੈ । ਅਜਿਹੇ ਉਪਰਾਲਿਆਂ ਨਾਲ ਪਸ਼ੂ ਦਾ ਉਤਪਾਦਨ ਵੀ ਸਥਿਰ ਰਹੇਗਾ ਤੇ ਉਸਦੀ ਸਿਹਤ ਵੀ ਕਾਇਮ ਰਹੇਗੀ ।

## ਚੌਲਾਂ ਦੀ ਲੋੜ ਤੇ ਉਤਪਾਦਨ

ਭਾਰਤ ਦੁਨੀਆ ਦਾ ਸਭ ਤੋਂ ਵੱਡਾ ਚੌਲ ਉਤਪਾਦਕ ਤੇ ਨਿਰਯਾਤਕ ਦੇਸ਼ ਹੈ । 2025-26 ਵਿੱਚ ਭਾਰਤ ਨੇ ਲਗਭਗ 140.6 ਮਿਲੀਅਨ ਟਨ ਚੌਲਾਂ ਦਾ ਉਤਪਾਦਨ ਕੀਤਾ, ਜਦਕਿ ਘਰੇਲੂ ਖਪਤ ਲਗਭਗ 120 ਮਿਲੀਅਨ ਟਨ ਰਹੀ । ਇਸ ਦਾ ਮਤਲਬ ਹੈ ਕਿ ਭਾਰਤ ਕੋਲ ਆਪਣੀ ਲੋੜ ਤੋਂ ਵੱਧ 20-30 ਮਿਲੀਅਨ ਟਨ ਵਾਧੂ ਚੌਲ ਮੌਜੂਦ ਹਨ, ਜੋ ਨਿਰਯਾਤ ਅਤੇ ਸਰਕਾਰੀ ਸਟਾਕਾਂ ਵਿੱਚ ਵਰਤਿਆ ਜਾਂਦਾ ਹੈ । ਘਰੇਲੂ ਪੱਧਰ 'ਤੇ



ਜਨਤਕ ਵੰਡ ਪ੍ਰਣਾਲੀ (ਪੀ. ਡੀ. ਐਸ.) ਰਾਹੀਂ ਲਗਭਗ 41 ਮਿਲੀਅਨ ਟਨ ਚੌਲ ਹਰ ਸਾਲ ਵੰਡਿਆ ਜਾਂਦਾ ਹੈ । ਇਸ ਦੇ ਨਾਲ ਹੀ ਸਰਕਾਰੀ ਗੁਦਾਮਾਂ ਵਿੱਚ ਜਨਵਰੀ 2026 ਤੱਕ 67.9 ਮਿਲੀਅਨ ਟਨ ਚੌਲ ਮੌਜੂਦ ਸਨ, ਜੋ ਕਿ ਬਫ਼ਰ ਨਿਯਮਾਂ ਤੋਂ ਕਈ ਗੁਣਾ ਵੱਧ ਹੈ । ਖ਼ਰੀਫ਼ ਦੇ ਸੀਜ਼ਨ ਵਿੱਚ ਚੌਲਾਂ ਦੀ ਸਭ ਤੋਂ ਵੱਧ ਪੈਦਾਵਾਰ ਹੁੰਦੀ ਹੈ, ਜੋ 123.9 ਮਿਲੀਅਨ ਟਨ ਰਹੀ, ਜਦਕਿ ਰਬੀ ਦੇ ਸੀਜ਼ਨ ਵਿੱਚ 16.7 ਮਿਲੀਅਨ ਟਨ ਚੌਲਾਂ ਦਾ ਉਤਪਾਦਨ ਹੋਇਆ । ਇਸ ਵਾਧੂ ਉਤਪਾਦਨ ਕਾਰਨ ਭਾਰਤ ਨਾ ਸਿਰਫ਼ ਆਪਣੀ ਘਰੇਲੂ ਲੋੜ ਪੂਰੀ ਕਰਦਾ ਹੈ, ਸਗੋਂ ਵਿਸ਼ਵ ਚੌਲ ਬਾਜ਼ਾਰ 'ਤੇ ਵੀ ਮਹੱਤਵਪੂਰਨ ਪ੍ਰਭਾਵ ਪਾਉਂਦਾ ਹੈ । ਭਾਰਤ ਦੁਨੀਆ ਦੇ ਕੁੱਲ ਚੌਲ ਨਿਰਯਾਤ ਦਾ ਲਗਭਗ 40 ਫ਼ੀਸਦੀ ਹਿੱਸਾ ਰੱਖਦਾ ਹੈ । ਹਾਲਾਂਕਿ ਇਸ ਵਾਧੂ ਉਤਪਾਦਨ ਨਾਲ ਕੁਝ ਚੁਣੌਤੀਆਂ ਵੀ ਦਰਪੇਸ਼ ਹਨ । ਪੰਜਾਬ ਤੇ ਉੱਤਰ ਪ੍ਰਦੇਸ਼ ਵਰਗੇ ਰਾਜਾਂ ਵਿਚ ਜ਼ਮੀਨੀ ਪਾਣੀ ਦੀ ਘਾਟ ਇਕ ਵੱਡਾ ਖ਼ਤਰਾ ਬਣਦਾ ਜਾ ਰਿਹਾ ਹੈ । ਇਸ ਦੇ ਨਾਲ ਹੀ ਸਰਕਾਰੀ ਗੁਦਾਮਾਂ ਵਿਚ ਵੱਧ ਸਟਾਕ ਸੰਭਾਲਣਾ ਵੀ ਇਕ ਵੱਡੀ ਸਮੱਸਿਆ ਹੈ । ਕਈ ਵਾਰ ਨਿਰਯਾਤ 'ਤੇ ਪਾਬੰਦੀਆਂ ਲਗਾਉਣ ਨਾਲ ਵਿਸ਼ਵ ਬਾਜ਼ਾਰ ਵਿੱਚ ਉਥਲ-ਪੁਥਲ ਪੈਦਾ ਹੋ ਜਾਂਦੀ ਹੈ । ਆਉਣ ਵਾਲੇ ਸਾਲਾਂ ਵਿੱਚ ਇਹ ਸਮੱਸਿਆ ਹੋਰ ਵਧ ਸਕਦੀ ਹੈ, ਜਿਸ ਬਾਰੇ ਹੁਣੇ ਤੋਂ ਸੋਚਣ ਦੀ ਲੋੜ ਹੈ ।

- ਜਨਮੇਜਾ ਸਿੰਘ ਜੌਹਲ, ਮੋਬਾਇਲ : 98159-45018

ਖੇਤੀ ਦੁਨੀਆਂ

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/- ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਡਾਕ ਰਾਹੀਂ ਪ੍ਰਾਪਤ ਕਰਨ ਲਈ

ਇੱਕ ਸਾਲ 500/- ਰੁਪਏ

ਦੋ ਸਾਲ 800/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575

Website : www.khetiduniyan.in

E-mail : khetiduniyan1983@gmail.com